# ਗੁਰੂ ਨਾਨਕ ਦੇਵ ਜੀ

ਮਾਰਚ 2, 2018

**ਸ੍ਰੀ ਹੇਮਕੁੰਟ ਫ਼ਾਉਂਡੇਸ਼ਨ ਇੰਕ.**
**ਦੇ**
**ਸ਼ਰਧਾਲੂ ਸੇਵਾਦਾਰਾਂ ਵੱਲੋਂ**

# ਤਤਕਰਾ


| # | ਲੇਖ | ਪੰਨਾ |
|---|---|---|
| 1 | ਵਿੱਦਿਆ ਅਤੇ ਪ੍ਰਭੂ ਭਗਤੀ | 3 |
| 2 | ਸ਼ੁਭ ਗੁਣਾਂ ਵਾਲਾ ਜਨੇਊ | 4 |
| 3 | ਮਨ ਦਾ ਰੋਗ | 5 |
| 4 | ਨ ਕੋ ਹਿੰਦੂ ਨ ਮੁਸਲਮਾਨ | 6 |
| 5 | ਸੱਚੀ ਨਮਾਜ਼ | 7 |
| 6 | ਸੱਚੀ ਕਿਰਤ | 8 |
| 7 | ਭਾਈ ਮਰਦਾਨਾ | 9 |
| 8 | ਧਨ ਪਰਲੋਕ ਲੈ ਜਾਣਾ | 10 |
| 9 | ਮਾਇਆ ਨਾਲ ਨਹੀਂ ਜਾਂਦੀ | 11 |
| 10 | ਸੱਚੀ ਕਿਰਤ ਤੇ ਪਰਾਇਆ ਹੱਕ | 12 |
| 11 | ਪਿੱਤਰਾਂ ਨੂੰ ਪਾਣੀ ਦੇਣਾ | 13 |
| 12 | ਤਿੰਨ ਸਿੱਖਿਆਵਾਂ | 14 |
| 13 | ਸੁੱਚਾ ਜੀਵਨ | 15 |
| 14 | ਮੂਰਤੀ ਪੂਜਾ | 16 |
| 15 | ਦਾਨ-ਪੁੰਨ | 17 |
| 16 | ਸੱਚ ਨਾਲ ਹਉਮੈ ਦਾ ਨਾਸ਼ | 18 |
| 17 | ਸਭ ਪਾਸੇ ਰੱਬ | 19 |
| 18 | ਦਿਆਲੂ ਰਾਜਾ ਹੋਣਾ | 20 |
| 19 | ਮਨ ਅਤੇ ਸਰੀਰ | 21 |
| 20 | ਭਾਈ ਲਹਿਣੇਂ ਤੋਂ ਗੁਰੂ ਅੰਗਦ | 22 |
| 21 | ਜੀਵਨ-ਵੇਰਵਾ | 23 |
| 22 | ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀਆਂ ਕੁਝ ਵਿਸ਼ੇਸ਼ ਘਟਨਾਵਾਂ: | 24 |

# 1. ਵਿੱਦਿਆ ਅਤੇ ਪ੍ਰਭੂ ਭਗਤੀ

ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ 15 ਅਪ੍ਰੈਲ, 1469 ਨੂੰ ਰਾਇ ਭੋਇੰ ਦੀ ਤਲਵੰਡੀ ਸ਼ੇਖ਼ੂਪੁਰਾ (ਪਾਕਿਸਤਾਨ) ਵਿਖੇ ਹੋਇਆ, ਜਿਸ ਨੂੰ ਅੱਜ-ਕਲ੍ਹ ਗੁਰੂ ਨਾਨਕ ਦੇਵ ਜੀ ਦੇ ਨਾਮ 'ਤੇ ਨਨਕਾਣਾ ਸਾਹਿਬ ਆਖਿਆ ਜਾਂਦਾ ਹੈ। ਆਪ ਜੀ ਦੇ ਪਿਤਾ ਮਹਿਤਾ ਕਾਲੂ ਜੀ (ਮਹਿਤਾ ਕਲਿਆਣ ਦਾਸ) ਪਿੰਡਾਂ ਦੀ ਜ਼ਮੀਨ ਤੇ ਮਾਲ ਦਾ ਰਿਕਾਰਡ ਰੱਖਣ ਵਾਲੇ ਪਟਵਾਰੀ ਸਨ। ਮਹਿਤਾ ਕਾਲੂ ਜੀ ਇੱਕ ਮਿਹਨਤੀ ਤੇ ਈਮਾਨਦਾਰ ਇਨਸਾਨ ਸਨ, ਜਿਸ ਕਰਕੇ ਉਹ ਪਿੰਡ ਦੇ ਦਿਆਲੂ ਜਗੀਰਦਾਰ ਮਾਲਕ ਰਾਇ ਬੁਲਾਰ ਦੇ ਖਾਸ ਵਿਸ਼ਵਾਸ ਪਾਤਰ ਸਨ। ਗੁਰੂ ਨਾਨਕ ਦੇਵ ਜੀ ਜਦੋਂ ਸੱਤ ਵਰ੍ਹਿਆਂ ਦੇ ਹੋਏ, ਉਹਨਾਂ ਦੇ ਪਿਤਾ ਨੇ ਉਹਨਾਂ ਨੂੰ ਪਿੰਡ ਦੇ ਪਾਂਧੇ (ਵਿੱਦਿਆ ਦੇਣ ਵਾਲਾ ਅਧਿਆਪਕ) ਗੋਪਾਲ ਦਾਸ ਕੋਲ ਹਿੰਦੀ ਅਤੇ ਪੰਡਿਤ ਬ੍ਰਿਜ ਲਾਲ ਕੋਲ ਸੰਸਕ੍ਰਿਤ ਸਿੱਖਣ ਲਈ ਭੇਜਿਆ। ਪਾਂਧੇ ਨੇ ਜੋ ਸਿਖਾਇਆ, ਤੀਖਣ ਬੁੱਧੀ ਦੇ ਮਾਲਕ ਗੁਰੂ ਨਾਨਕ ਦੇਵ ਜੀ ਨੇ ਉਹ ਸਭ ਕੁਝ ਬਹੁਤ ਥੋੜ੍ਹੇ ਸਮੇਂ ਵਿੱਚ ਹੀ ਸਿਖ ਲਿਆ। ਜਲਦੀ ਹੀ ਗੁਰੂ ਨਾਨਕ ਦੇਵ ਜੀ ਨੇ ਪਾਂਧੇ ਦੀ ਵਿੱਦਿਆ ਪੂਰੀ ਕਰ ਲਈ। ਇਸ ਉਪਰੰਤ ਉਹ ਆਪਣੇ ਮਿੱਤਰਾਂ ਨਾਲ ਖੇਡਦਿਆਂ ਕਦੇ ਦੂਰ ਜੰਗਲ ਵਿੱਚ ਚਲੇ ਜਾਂਦੇ ਅਤੇ ਰੁੱਖਾਂ ਹੇਠ ਕਰਤਾਰ ਦੇ ਚਿੰਤਨ ਵਿੱਚ ਲੀਨ ਹੋ ਜਾਂਦੇ। ਗੁਰੂ ਨਾਨਕ ਦੇਵ ਜੀ ਬਾਲ ਉਮਰ ਤੋਂ ਹੀ ਦਾਰਸ਼ਨਿਕ ਵਿਚਾਰਵਾਨ ਸਨ। ਉਹ ਕਿਹਾ ਕਰਦੇ ਸਨ, "ਹਰ ਇੱਕ ਮਨੁੱਖ ਨੇ ਮਰ ਜਾਣਾ ਹੈ, ਕੋਈ ਸਦਾ ਲਈ ਨਹੀਂ ਜੀਉਂਦਾ। ਮਰਨ ਉਪਰੰਤ ਹਰ ਇੱਕ ਨੂੰ ਆਪੋ-ਆਪਣੇ ਜੀਵਨ ਦੇ ਕਰਮਾਂ ਦਾ ਲੇਖਾ ਦੇਣਾ ਪੈਣਾ ਹੈ ਭਾਵ ਮੰਦੇ ਕਰਮਾਂ ਦੀ ਸਜ਼ਾ ਅਤੇ ਚੰਗੇ ਕਰਮਾਂ ਦਾ ਸ਼ੁਭ ਫਲ ਮਿਲਣਾ ਹੈ ਤਾਂ ਫੇਰ ਇਹ ਦੁਨਿਆਵੀ ਵਿੱਦਿਆ ਸਿੱਖਿਆ ਕਿਸ ਕੰਮ ? ਹੇ ਪਾਂਧੇ! ਮੈਨੂੰ ਇਹ ਸਿੱਖਿਆ ਦਿਓ ਕਿ ਦੂਸਰਿਆਂ ਨਾਲ ਪਿਆਰ ਕਿਵੇਂ ਕਰੀਏ ਅਤੇ ਪਰਮਾਤਮਾ ਨੂੰ ਸਦਾ ਯਾਦ ਕਿਵੇਂ ਰਖੀਏ।" ਇਸ ਉਪਰੰਤ ਜਦੋਂ ਗੁਰੂ ਨਾਨਕ ਦੇਵ ਜੀ ਤੇਰ੍ਹਾਂ ਵਰ੍ਹਿਆਂ ਦੇ ਹੋਏ ਪਿਤਾ ਨੇ ਉਹਨਾਂ ਨੂੰ ਮੌਲਵੀ ਕੁਤਬੁੱਦੀਨ ਪਾਸ ਫ਼ਾਰਸੀ ਸਿੱਖਣ ਲਈ ਭੇਜ ਦਿੱਤਾ। ਜਲਦ ਹੀ ਆਪ ਨੇ ਮੌਲਵੀ ਕੁਤਬੁੱਦੀਨ ਦੀ ਵਿੱਦਿਆ ਵੀ ਸਿਖ ਲਈ। ਇੱਕ ਦਿਨ ਉਹਨਾਂ ਨੇ ਮੌਲਵੀ ਨੂੰ ਆਖਿਆ, "ਫ਼ਾਰਸੀ ਦੇ ਅੱਖਰਾਂ ਦੇ ਕੀ ਅਰਥ ਹਨ?" ਮੌਲਵੀ ਨੂੰ ਉੱਤਰ ਨਾ ਆਇਆ ਕਿਉਂਕਿ ਇਸ ਤੋਂ ਪਹਿਲਾਂ ਉਸ ਨੂੰ ਕਿਸੇ ਨੇ ਇਹ ਸੁਆਲ ਪੁੱਛਿਆ ਹੀ ਨਹੀਂ ਸੀ। ਮੌਲਵੀ ਨੇ ਗੁਰੂ ਨਾਨਕ ਦੇਵ ਜੀ ਨੂੰ ਹੀ ਇਨ੍ਹਾਂ ਫ਼ਾਰਸੀ ਅੱਖਰਾਂ ਦੇ ਅਰਥ ਦੱਸਣ ਲਈ ਆਖਿਆ। ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੀ ਉਸਤਤ ਵਿੱਚ ਫ਼ਾਰਸੀ ਦੇ ਅੱਖਰਾਂ ਦੀ ਵਿਆਖਿਆ ਕੀਤੀ ਕਿ ਕਿਵੇਂ ਇਹ ਚੰਗਾ, ਇਮਾਨਦਾਰ ਅਤੇ ਸੱਚਾ-ਸੁੱਚਾ ਇਨਸਾਨ ਬਣਨਾ ਸਿਖਾਉਂਦੇ ਹਨ, ਜੋ ਸਾਰਿਆਂ ਨੂੰ ਪਿਆਰ ਤੇ ਸੇਵਾ ਕਰੇ। ਇਸ ਲਈ ਸਾਨੂੰ ਵਿੱਦਿਆ ਪ੍ਰਾਪਤ ਕਰਕੇ ਸੁਚੱਜੇ ਕਿਰਦਾਰ ਵਾਲਾ ਇਨਸਾਨ ਬਣਨਾ ਚਾਹੀਦਾ ਹੈ :

ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, 356)

******************

# 2. ਸ਼ੁਭ ਗੁਣਾਂ ਵਾਲਾ ਜਨੇਊ

ਗੁਰੂ ਨਾਨਕ ਦੇਵ ਜੀ ਜਦੋਂ ਨੌ ਸਾਲ ਦੇ ਹੋਏ ਤਾਂ ਪਰਿਵਾਰ ਦੇ ਪੰਡਿਤ ਹਰਦਿਆਲ ਨੂੰ ਬੁਲਾਇਆ ਗਿਆ ਤਾਂ ਕਿ ਬ੍ਰਾਹਮਣੀ ਕਰਮ ਅਨੁਸਾਰ ਜਨੇਊ ਧਾਰਨ ਕਰਨ ਦੀ ਰਸਮ ਕੀਤੀ ਜਾ ਸਕੇ। ਹਿੰਦੂ ਰੀਤੀ ਅਨੁਸਾਰ ਜਦੋਂ ਗੁਰੂ ਨਾਨਕ ਦੇਵ ਜੀ ਨੂੰ ਜਨੇਊ ਪਾਉਣ ਲੱਗੇ ਤਾਂ ਉਹਨਾਂ ਆਪਣੀ ਰਸਮ ਕਰਨ ਲਈ ਆਪਣੀ ਬਾਂਹ ਉੱਚੀ ਕਰ ਦਿੱਤੀ ਅਤੇ ਆਖਿਆ, "ਹੇ ਪੰਡਿਤ ਜੀ! ਇਸ ਜਨੇਊ ਨੂੰ ਮੇਰੇ ਗਲੇ ਵਿੱਚ ਪਾਉਣ ਦਾ ਕੀ ਲਾਭ? ਇਹ ਮੈਨੂੰ ਇੱਕ ਚੰਗਾ ਇਨਸਾਨ ਕਿਵੇਂ ਬਣਾਏਗਾ?" ਪੰਡਿਤ ਹਰਦਿਆਲ ਨੇ ਕਿਹਾ, "ਹੇ ਨਾਨਕ! ਇਹ ਜਨੇਊ ਪਾਉਣ ਨਾਲ ਵਿਅਕਤੀ ਦਾ ਧਾਰਮਿਕ ਜੀਵਨ ਆਰੰਭ ਹੁੰਦਾ ਹੈ। ਕੇਵਲ ਉੱਚ ਸ਼੍ਰੇਣੀ ਦੇ ਹਿੰਦੂ ਹੀ ਇਹ ਜਨੇਊ ਧਾਰਨ ਕਰ ਸਕਦੇ ਹਨ। ਇਸ ਨਾਲ ਤੁਹਾਨੂੰ ਹਿੰਦੂ ਧਾਰਮਿਕ ਰੀਤਾਂ ਕਰਨ ਦਾ ਅਧਿਕਾਰ ਮਿਲੇਗਾ। ਜੇਕਰ ਤੁਸੀਂ ਇਹ ਧਾਰਨ ਨਹੀਂ ਕਰਦੇ ਤਾਂ ਸਵਰਗ ਨਹੀਂ ਜਾ ਸਕੋਗੇ।" ਗੁਰੂ ਨਾਨਕ ਦੇਵ ਜੀ ਨੇ ਕਿਹਾ, "ਜੇਕਰ ਇਸ ਜਨੇਊ ਨੂੰ ਧਾਰਨ ਕਰਨ ਨਾਲ ਮੇਰੇ ਅਧਿਆਤਮਕ ਜੀਵਨ ਦਾ ਆਰੰਭ ਹੁੰਦਾ ਹੈ ਤਾਂ ਇਸ ਨੂੰ ਆਤਮਿਕ ਤੌਰ 'ਤੇ ਧਾਰਨ ਕਰਨਾ ਚਾਹੀਦਾ ਹੈ। ਸਰੀਰਕ ਤੌਰ ਤੇ ਪਹਿਨਣ ਦਾ ਕੀ ਲਾਭ ਜੇਕਰ ਇਸ ਨੂੰ ਧਾਰਨ ਕਰਨ ਵਾਲਾ ਵਿਅਕਤੀ ਪਹਿਨਕੇ ਵੀ ਝੂਠ ਬੋਲੇ, ਛਲ-ਫਰੇਬ ਅਤੇ ਨੀਚ ਕਰਮ ਕਰੇ। ਪਵਿੱਤਰ ਜਨੇਊ ਤਾਂ ਅਜਿਹਾ ਹੋਣਾ ਚਾਹੀਦਾ ਹੈ ਜੋ ਇਸ ਨੂੰ ਪਹਿਨਣ ਵਾਲੇ ਨੂੰ ਅਚਾਰ-ਵਿਹਾਰ ਵਿੱਚ ਦਿਆਲੂ, ਸੰਤੋਖੀ, ਜਤੀ ਤੇ ਸੱਚਾ-ਸੁੱਚਾ ਬਣਾਵੇ। ਹੇ ਪੰਡਿਤ ਜੀ ! "ਜੇਕਰ ਤੁਹਾਡੇ ਕੋਲ ਕੋਈ ਅਜਿਹੇ ਗੁਣਾਂ ਵਾਲਾ ਜਨੇਊ ਹੈ ਤਾਂ ਮੈਂ ਉਹ ਧਾਰਨ ਕਰਨ ਨੂੰ ਤਿਆਰ ਹਾਂ। ਅਜਿਹਾ ਜਨੇਊ (ਜੋ ਆਤਮਿਕ ਤੌਰ 'ਤੇ ਧਾਰਨ ਕੀਤਾ ਹੋਵੇਗਾ, ਕੇਵਲ ਸਰੀਰਕ ਤੌਰ ਤੇ ਨਹੀਂ) ਨਾ ਤਾਂ ਟੁੱਟ ਸਕੇਗਾ, ਨਾ ਮੈਲਾ ਹੋਵੇਗਾ ਅਤੇ ਨਾ ਹੀ ਖਤਮ ਹੋ ਸਕੇਗਾ। ਸੱਚ ਦਾ ਜਨੇਊ ਸਰੀਰ ਨਾਲ ਵੀ ਸੜਕੇ ਸੁਆਹ ਨਹੀਂ ਹੋਵੇਗਾ ਸਗੋਂ ਇਹ ਆਤਮਾ ਦੇ ਨਾਲ ਹਮੇਸ਼ਾ ਲਈ ਰਹੇਗਾ।"

ਪੰਡਿਤ ਹਰਦਿਆਲ ਨੇ ਇੱਕ ਵਾਰ ਫੇਰ ਗੁਰੂ ਨਾਨਕ ਦੇਵ ਜੀ ਨੂੰ ਸਮਝਾਉਣ ਦਾ ਯਤਨ ਕਰਦਿਆਂ ਕਿਹਾ, "ਜਨੇਊ ਧਾਰਨ ਕਰਨ ਵਾਲੀ ਇਹ ਪੁਰਾਤਨ ਹਿੰਦੂ ਧਰਮ ਦੀ ਰੀਤ ਹਜ਼ਾਰਾਂ ਸਾਲ ਤੋਂ ਚਲੀ ਆ ਰਹੀ ਹੈ। ਇਸ ਨੂੰ ਪਹਿਨਣ ਤੋਂ ਪਹਿਲਾਂ ਕਿਸੇ ਨੇ ਵੀ ਕਦੇ ਇਨਕਾਰ ਨਹੀਂ ਕੀਤਾ।" ਇਸ ਰਸਮ ਦੁਆਰਾ ਕੁਝ ਦੁਨਿਆਵੀ ਵਸਤੂਆਂ ਦੀ ਭੇਟਾ ਲੈਣ ਹਿਤ ਪੰਡਿਤ ਦੇ ਲੋਭ ਨੂੰ ਨੰਗਾ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਇੱਕ ਸ਼ਬਦ ਇਸ ਤਰ੍ਹਾਂ ਉੱਚਾਰਣ ਕੀਤਾ:

ਦਇਆ ਕਪਾਹ ਸੰਤੋਖ ਸੂਤੁ ਜਤੁ ਗੰਢੀ ਸਤੁ ਵਟੁ ॥ ਇਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ *(ਸ੍ਰੀ ਗੁ. ਗ੍ਰੰ. ਸਾ. 471)*

ਹੇ ਪੰਡਿਤ! ਉਹ ਜਨੇਊ ਜਿਸ ਦੀ ਕਪਾਹ ਦਇਆ ਹੋਵੇ, ਜਿਸ ਦਾ ਸੂਤ ਸੰਤੋਖ ਹੋਵੇ, ਜਿਸ ਦੀਆਂ ਗੰਢਾਂ ਜਤ ਹੋਣ ਅਤੇ ਜਿਸ ਦਾ ਵੱਟ ਉੱਚਾ ਆਚਰਣ ਹੋਵੇ। ਜੇ ਤੇਰੇ ਪਾਸ ਇਹ ਆਤਮਾ ਕੇ ਕੰਮ ਆਉਣ ਵਾਲਾ ਜਨੇਊ ਹੈ ਤਾਂ ਇਹ ਮੇਰੇ ਗਲੇ ਵਿੱਚ ਪਾਓ। ਇਹੋ ਜਿਹਾ ਜਨੇਊ ਨਾ ਟੁੱਟਦਾ ਹੈ, ਨਾ ਮੈਲ ਲਗਦੀ ਹੈ, ਨਾ ਸੜਦਾ ਹੈ ਅਤੇ ਨਾ ਹੀ ਗੁੰਮ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਉਹ ਮਨੁੱਖ ਭਾਗਾਂ ਵਾਲੇ ਹਨ ਜਿਨ੍ਹਾਂ ਨੇ ਐਸਾ ਜਨੇਊ ਧਾਰਨ ਕਰ ਲਿਆ ਹੈ।

ਹਿੰਦੂ ਵਰਣ ਸਮਾਜ ਦੇ ਸਿਰਜਕ ਮਨੂੰ ਨੇ ਜਨੇਊ ਪਾਉਣ ਦੀ ਰਸਮ ਦਾ ਨਿਰਧਾਰਨ ਕੀਤਾ। ਹਿੰਦੂ ਸ਼ਾਸਤਰ ਅਨੁਸਾਰ ਬ੍ਰਾਹਮਣ ਲਈ ਰੇਸ਼ਮ ਦਾ, ਖਤਰੀ ਸੂਤ ਦਾ, ਵੈਸ਼ ਸਣ (ਵਾਣ) ਦਾ ਜਨੇਊ ਧਾਰਨ ਕਰਦੇ ਹਨ ਜਦੋਂ ਕਿ ਸ਼ੂਦਰਾਂ ਤੇ ਔਰਤਾਂ ਨੂੰ ਜਨੇਊ ਪਹਿਨਣ ਦੀ ਆਗਿਆ ਨਹੀਂ ਹੈ। ਪੰਡਿਤ ਹਰਦਿਆਲ ਨੇ ਸ਼ਬਦ ਸੁਣਿਆ ਤੇ ਉਹ ਸਮਝ ਗਿਆ ਕਿ ਗੁਰੂ ਨਾਨਕ ਦੇਵ ਜੀ ਇਹ ਕਰਮ ਕਾਂਡੀ ਜਨੇਊ ਨਹੀਂ ਧਾਰਨ ਕਰਨਗੇ ਅਤੇ ਜਾਣ ਲਿਆ ਕਿ ਵਿਅਕਤੀ ਨੂੰ ਇਸ ਦੀ ਬਜਾਏ ਸ਼ੁਭ ਗੁਣਾਂ ਵਾਲਾ ਜਨੇਊ ਹੀ ਧਾਰਨ ਕਰਨਾ ਚਾਹੀਦਾ ਹੈ।

ਮਨੁੱਖ ਨੂੰ ਦਇਆ, ਸੰਤੋਖ, ਜਤ, ਸਤ ਆਦਿ ਸ਼ੁਭ ਗੁਣ ਧਾਰਨ ਕਰਨੇ ਚਾਹੀਦੇ ਹਨ। ਇਨ੍ਹਾਂ ਸਦਗੁਣਾਂ ਤੋਂ ਅਧਿਆਤਮਿਕਤਾ ਦਾ ਮਾਰਗ ਪ੍ਰਾਪਤ ਹੁੰਦਾ ਹੈ। ਐਸੇ ਸਦਗੁਣਾਂ ਨਾਲ ਹੀ ਸਮਾਜ ਵਿੱਚ ਸਬਰ-ਸੰਤੋਖ ਅਤੇ ਪ੍ਰੇਮ ਦੀ ਭਾਵਨਾ ਪੈਦਾ ਹੁੰਦੀ ਹੈ। **********

# 3. ਮਨ ਦਾ ਰੋਗ

ਗੁਰੂ ਨਾਨਕ ਦੇਵ ਜੀ ਮੌਲਵੀ ਕੁਤਬਦੀਨ ਕੋਲੋਂ ਵਿੱਦਿਆ ਸੰਪੂਰਨ ਕਰਨ ਉਪਰੰਤ ਮਨੁੱਖੀ ਜੀਵਨ ਦੀ ਹੋਂਦ ਅਤੇ ਸਚਾਈ ਵਰਗੇ ਗੰਭੀਰ ਵਿਸ਼ਿਆਂ ਉੱਤੇ ਗੰਭੀਰ ਵਾਰਤਾਲਾਪ ਲਈ ਸਾਧੂ-ਸੰਤਾਂ ਨੂੰ ਮਿਲਣ ਲੱਗੇ। ਬਾਕੀ ਸਮੇਂ ਆਪ ਆਪਣੇ ਘਰ ਵਿਖੇ ਹੀ ਆਤਮ ਚਿੰਤਨ ਵਿੱਚ ਲੀਨ ਰਹਿੰਦੇ ਅਤੇ ਘਰ ਵਿੱਚ ਆਉਣ ਜਾਣ ਵਾਲਿਆਂ ਤੋਂ ਦੂਰ ਹੀ ਰਹਿੰਦੇ। ਉਹਨਾਂ ਦੇ ਅਜਿਹੇ ਉਦਾਸੀਨ ਵਰਤਾਓ ਕਰਕੇ ਗੁਰੂ ਨਾਨਕ ਦੇਵ ਜੀ ਦੇ ਮਾਤਾ-ਪਿਤਾ ਨੂੰ ਉਹਨਾਂ ਦੀ ਸਿਹਤ ਦਾ ਫਿਕਰ ਹੋਣ ਲੱਗਾ।

ਗੁਰੂ ਨਾਨਕ ਦੇਵ ਜੀ ਦੀ ਬਿਮਾਰੀ ਦੇ ਨਿਵਾਰਣ ਹਿਤ ਮਹਿਤਾ ਕਾਲੂ ਨੇ ਪਿੰਡ ਦੇ ਵੈਦ ਹਰੀਦਾਸ ਨੂੰ ਬੁਲਾਇਆ। ਹਰੀਦਾਸ ਨੇ ਗੁਰੂ ਨਾਨਕ ਦੇਵ ਜੀ ਦੀ ਨਬਜ਼ ਵੇਖਣ ਲਈ ਬਾਂਹ ਫੜੀ ਤਾਂ ਉਹਨਾਂ ਆਪਣੀ ਬਾਂਹ ਪਿਛਾਂਹ ਖਿਚ ਲਈ ਅਤੇ ਵੈਦ ਨੂੰ ਕਿਹਾ "ਵੈਦ ਜੀ! ਤੁਸੀਂ ਮੇਰੀ ਬਾਂਹ ਕਿਉਂ ਫੜ੍ਹ ਰਹੇ ਹੋ?" ਵੈਦ ਨੇ ਕਿਹਾ, "ਮੈਂ ਰੋਗ ਜਾਣਨ ਲਈ ਨਬਜ਼ ਵੇਖਣਾ ਚਾਹੁੰਦਾ ਹਾਂ ਤਾਂ ਕਿ ਤੁਹਾਨੂੰ ਸਿਹਤਯਾਬ (ਤੰਦਰੁਸਤ) ਕਰਨ ਲਈ ਸਹੀ ਇਲਾਜ ਦੱਸ ਸਕਾਂ।" ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ:

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥
ਭੋਲਾ ਵੈਦੁ ਨਾ ਜਾਣਈ ਕਰਕ ਕਲੇਜੇ ਮਾਹਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, 1279)

ਗੁਰੂ ਨਾਨਕ ਦੇਵ ਜੀ ਕਿਹਾ, "ਹੇ ਵੈਦ ਜੀ! ਬਾਂਹ ਪਕੜ ਕੇ ਕੀ ਵੇਖ ਰਹੇ ਹੋ। ਮੇਰਾ ਸਰੀਰ ਰੋਗੀ ਨਹੀਂ, ਰੋਗ ਤਾਂ ਮੇਰੇ ਮਨ **ਵਿੱਚ** ਹੈ। ਅਸਲ ਵੈਦ ਤਾਂ ਉਹ ਹੈ ਜਿਹੜਾ ਸਰੀਰ ਤੇ ਮਨ ਦੋਵਾਂ ਦਾ ਰੋਗ ਜਾਣ ਕੇ ਇਲਾਜ ਕਰ ਸਕੇ। ਮੈਂ ਤੁਹਾਨੂੰ ਤਾਂ ਹੀ ਵੈਦ ਮੰਨਾਂਗਾ ਜੇ ਤੁਸੀਂ ਮੇਰਾ ਰੋਗ ਠੀਕ ਕਰਨ ਤੋਂ ਪਹਿਲਾਂ ਆਪਣਾ ਰੋਗ ਠੀਕ ਕਰੋਗੇ।"

ਵੈਦ ਅਜਿਹਾ ਸੁਣ ਕੇ ਬਹੁਤ ਹੈਰਾਨ ਹੋਇਆ। ਉਸ ਨੇ ਕਿਹਾ, "ਹੇ ਨਾਨਕ! ਕੀ ਤੁਹਾਡੇ ਅਨੁਸਾਰ ਮੈਨੂੰ ਕੋਈ ਰੋਗ ਹੈ, ਮੈਂ ਤਾਂ ਠੀਕ ਠਾਕ ਹਾਂ। ਮੈਨੂੰ ਦੱਸੋ ਕਿ ਮੈਂ ਕਿਸ ਰੋਗ ਨਾਲ ਪੀੜਿਤ ਹਾਂ?" ਗੁਰੂ ਨਾਨਕ ਦੇਵ ਜੀ ਨੇ ਜੁਆਬ ਦਿੱਤਾ, "ਵੈਦ ਜੀ ਤੁਹਾਨੂੰ ਜਨਮ ਤੇ ਮਰਨ ਦੀ ਬੀਮਾਰੀ ਹੈ। ਜਨਮ ਮਰਨ ਦਾ ਇਹ ਚੱਕਰ ਦਵਾਈ ਨਾਲ ਠੀਕ ਹੋਣ ਵਾਲਾ ਨਹੀਂ। ਇਸ ਦਾ ਇਲਾਜ ਉਹੀ ਵੈਦ ਕਰ ਸਕਦਾ ਹੈ, ਜੋ ਆਪ ਜਨਮ ਮਰਨ ਦੇ ਚੱਕਰ ਤੋਂ ਮੁਕਤ ਹੋਵੇ।"

ਗੁਰੂ ਨਾਨਕ ਦੇਵ ਜੀ ਦਾ ਰੱਬੀ ਪਿਆਰ ਅਤੇ ਗੰਭੀਰ ਅਧਿਆਤਮਕ ਸੂਝ-ਬੂਝ ਜਾਣ ਕੇ ਵੈਦ ਬਹੁਤ ਹੈਰਾਨ ਹੋਇਆ। ਵੈਦ ਹਰੀਦਾਸ ਤਾਂ ਕੇਵਲ ਸਰੀਰ ਦੀਆਂ ਬੀਮਾਰੀਆਂ ਹੀ ਠੀਕ ਕਰਦਾ ਸੀ। ਗੁਰੂ ਨਾਨਕ ਦੇਵ ਜੀ ਦੇ ਮਾਪੇ ਵੈਦ ਨੂੰ ਪੁੱਛਣ ਲੱਗੇ, "ਨਾਨਕ ਨੂੰ ਕੀ ਰੋਗ ਹੈ ਅਤੇ ਇਹ ਕਿਵੇਂ ਠੀਕ ਹੋਵੇਗਾ?" ਵੈਦ ਨੇ ਜੁਆਬ ਦਿੱਤਾ, "ਨਾਨਕ ਸਿਹਤ ਕਰਕੇ ਸਾਡੇ ਸਾਰਿਆਂ ਵਾਂਗੂ ਹੀ ਠੀਕ-ਠਾਕ ਹੈ, ਚਿੰਤਾ ਨਾ ਕਰੋ, ਇਸ ਦੀ ਰੱਬ ਨਾਲ ਸੱਚੀ ਪ੍ਰੀਤ ਹੈ।"

ਗੁਰੂ ਨਾਨਕ ਦੇਵ ਜੀ ਦੇ ਮਾਤਾ ਪਿਤਾ ਅਜੇ ਵੀ ਆਪਣੇ ਬਾਲ ਬਾਰੇ ਨਾ ਸਮਝ ਸਕੇ ਪਰੰਤੂ ਵੈਦ ਹਰੀਦਾਸ ਪਾਕ ਤੇ ਬਿਬੇਕ ਬੁੱਧ ਵਾਲੇ ਗੁਰੂ ਨਾਨਕ ਦੇਵ ਜੀ ਨੂੰ ਮਿਲ ਕੇ ਬਹੁਤ ਪ੍ਰਸੰਨ ਹੋਇਆ।

ਇਸ ਸਾਖੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਭ ਰੋਗਾਂ ਦੀ ਜੜ੍ਹ ਮਨ ਹੀ ਹੈ ਅਤੇ ਅਸਲ ਵੈਦ ਉਹ ਹੀ ਹੈ ਜਿਹੜਾ ਸਰੀਰ ਤੇ ਮਨ ਦੋਵਾਂ ਦਾ ਰੋਗ ਜਾਣ ਕੇ ਇਲਾਜ ਕਰ ਸਕੇ।

******************

# 4. ਨ ਕੋ ਹਿੰਦੂ ਨ ਮੁਸਲਮਾਨ

ਸੁਲਤਾਨਪੁਰ ਲੋਧੀ ਦੇ ਨਵਾਬ ਦੌਲਤ ਖਾਨ ਨੂੰ ਜਦੋਂ ਪਤਾ ਲੱਗਾ ਕਿ ਮਹਿਤਾ ਕਾਲੂ ਦਾ ਪੁੱਤਰ (ਗੁਰੂ) ਨਾਨਕ (ਦੇਵ ਜੀ) ਕਬਰਸਤਾਨ ਵਿੱਚ ਬੈਠਾ ਭਗਤੀ ਕਰ ਰਿਹਾ ਹੈ ਤਾਂ ਉਹ ਆਪਣੇ ਵੱਡੇ ਕਾਜ਼ੀ ਨੂੰ ਲੈ ਕੇ ਵੇਖਣ ਆਇਆ। ਦੋਵੇਂ ਬਹੁਤ ਹੈਰਾਨ ਹੋਏ ਕਿਉਂਕਿ ਗੁਰੂ ਨਾਨਕ ਦੇਵ ਜੀ ਆਪਣੀ ਭਗਤੀ ਵਿੱਚ ਏਨੇ ਲੀਨ ਸਨ, ਉਹਨਾਂ ਨੂੰ ਕਿਸੇ ਦੇ ਵੀ ਆਉਣ ਦੀ ਕੋਈ ਸੁੱਧ ਨਹੀਂ ਸੀ। ਜਦੋਂ ਨਵਾਬ ਤੇ ਕਾਜ਼ੀ ਹੋਰ ਨੇੜੇ ਹੋਏ ਤਾਂ ਉਹਨਾਂ ਸੁਣਿਆ ਗੁਰੂ ਨਾਨਕ ਦੇਵ ਜੀ ਆਖ ਰਹੇ ਸੀ, "ਨ ਕੋ ਹਿੰਦੂ ਨ ਮੁਸਲਮਾਨ।" ਉਹ ਇਹ ਦੇਖ ਬਹੁਤ ਅਚੰਭਿਤ ਹੋਏ। ਗੁਰੂ ਨਾਨਕ ਦੇਵ ਜੀ ਉਸ ਸਮੇਂ 35 ਵਰ੍ਹਿਆਂ ਦੇ ਸਨ।

ਕਾਜ਼ੀ ਗੁਰੂ ਨਾਨਕ ਦੇਵ ਜੀ ਨੂੰ ਆਖਣ ਲੱਗਾ, "ਨਾਨਕ! ਤੁਸੀਂ ਕਿਵੇਂ ਆਖਦੇ ਹੋ ਕਿ ਕੋਈ ਮੁਸਲਮਾਨ ਨਹੀਂ?" ਇਸ ਸ਼ਹਿਰ ਤੇ ਸਾਰੀ ਦੁਨੀਆਂ ਵਿੱਚ ਬਹੁਤ ਸਾਰੇ ਮੁਸਲਮਾਨ ਹਨ। ਇਸ ਤਰ੍ਹਾਂ ਇਸ ਦੁਨੀਆਂ ਵਿੱਚ ਹਿੰਦੂ ਅਖਵਾਉਣ ਵਾਲੇ ਵੀ ਹਨ।"

ਗੁਰੂ ਨਾਨਕ ਦੇਵ ਜੀ ਨੇ ਜੁਆਬ ਦਿੱਤਾ, "ਇਹ ਸੱਚ ਹੈ ਕਿ ਆਪਣੇ ਆਪ ਨੂੰ ਮੁਸਲਮਾਨ ਤੇ ਹਿੰਦੂ ਅਖਵਾਉਣ ਵਾਲੇ ਬਹੁਤ ਹਨ ਪਰ ਉਹ ਆਪਣੇ ਧਰਮ ਦੀ ਅਸਲੀਅਤ ਗੁਆ ਚੁਕੇ ਹਨ।" ਹਿੰਦੂ ਤੇ ਮੁਸਲਮਾਨ ਦੋਵੇਂ ਉਸ ਰੱਬ ਨੇ ਪੈਦਾ ਕੀਤੇ ਹਨ। ਇੱਕ ਸੱਚਾ ਹਿੰਦੂ ਜਾਂ ਮੁਸਲਮਾਨ ਅਜਿਹੇ ਕਰਮ ਨਹੀਂ ਕਰਦਾ, ਜਿਸ ਨਾਲ ਉਸ ਦਾ ਰੱਬ ਨਰਾਜ਼ ਹੋ ਜਾਵੇ। ਗੁਰੂ ਨਾਨਕ ਦੇਵ ਜੀ ਨੇ ਇੱਕ ਸੱਚੇ-ਸੁੱਚੇ ਮੁਸਲਮਾਨ ਦੇ ਗੁਣ ਇਸ ਤਰ੍ਹਾਂ ਦਰਸਾਏ ਹਨ:

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, 140-141)

ਅਤੇ

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, 140-141)

ਉਪਰੋਕਤ ਸ਼ਬਦ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਰੱਬ ਦੀ ਇਸ ਰਜ਼ਾ ਵਿੱਚ ਰਹਿਣ ਵਾਲਿਆਂ ਨੂੰ ਹੀ ਸੱਚਾ ਮੁਸਲਮਾਨ ਜਾਂ ਸੱਚਾ ਹਿੰਦੂ ਆਖਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦੀ ਇਹ ਉਪਦੇਸ਼ ਸੁਣ ਕੇ ਕਾਜ਼ੀ ਕੋਲ ਕੋਈ ਜੁਆਬ ਨਹੀਂ ਸੀ। ਨਵਾਬ ਨੇ ਗੁਰੂ ਜੀ ਕੋਲੋਂ ਖ਼ਿਮਾ ਮੰਗੀ। ਉਹ ਸਮਝ ਗਿਆ ਸੀ ਕਿ ਪਰਮਾਤਮਾ ਇੱਕ ਹੈ। ਉਸ ਨੇ ਸਾਰਿਆਂ ਨੂੰ ਪੈਦਾ ਕੀਤਾ ਹੈ। ਸਾਰੇ ਇਨਸਾਨ ਬਰਾਬਰ ਹਨ, ਸਾਰਿਆਂ ਨੂੰ ਆਪਸ ਵਿੱਚ ਮਿਲ-ਜੁਲ ਕੇ ਅਮਨ ਨਾਲ ਰਹਿਣਾ ਚਾਹੀਦਾ ਹੈ। ਸਾਨੂੰ ਚਾਹੀਦਾ ਹੈ ਕਿ ਧਰਮ ਰੂਪੀ ਵੰਡੀਆਂ ਨ ਪਾਈਏ ਬਲਕਿ ਗੁਰਮਤਿ ਅਨੁਸਾਰ ਦਰਸਾਏ ਧਰਮ ਨੂੰ ਅਪਨਾਈਏ :

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, 265)

*****************

# 5. ਸੱਚੀ ਨਮਾਜ਼

ਗੁਰੂ ਨਾਨਕ ਦੇਵ ਜੀ ਦੁਆਰਾ ਦਿੱਤੇ "ਇੱਕ ਪਰਮਾਤਮਾ" ਦੇ ਉਪਦੇਸ਼ ਨੂੰ ਨਵਾਬ ਤੇ ਕਾਜ਼ੀ ਦੋਵਾਂ ਨੇ ਸਵੀਕਾਰ ਕਰ ਲਿਆ। ਹਿੰਦੂ ਤੇ ਮੁਸਲਿਮ ਵਿੱਚ ਕੋਈ ਭੇਦ ਜਾਂ ਅੰਤਰ ਨਹੀਂ ਤਾਂ ਗੁਰੂ ਜੀ ਦੁਆਰਾ ਨਮਾਜ਼ ਪੜ੍ਹਨਾ ਗ਼ਲਤ ਕਿਵੇਂ ਹੋ ਸਕਦਾ ਹੈ? ਇਹ ਸੋਚ ਕੇ ਇੱਕ ਦਿਨ ਮਸੀਤ ਵਿੱਚ ਜਾਣ ਸਮੇਂ ਉਹਨਾਂ ਗੁਰੂ ਜੀ ਨੂੰ ਵੀ ਮਸੀਤ ਚਲਣ ਤੇ ਨਮਾਜ਼ ਅਦਾ ਕਰਨ (ਮੁਸਲਿਮ ਪ੍ਰਾਰਥਨਾ) (Muslim Prayer) ਲਈ ਆਖਿਆ। ਉਹਨਾਂ ਨੂੰ ਲੱਗਦਾ ਸੀ ਕਿ ਗੁਰੂ ਜੀ ਨਾਂਹ ਕਰ ਦੇਣਗੇ। ਗੁਰੂ ਜੀ ਝਟਪਟ ਰਾਜ਼ੀ ਹੋ ਗਏ ਤੇ ਉਹਨਾਂ ਨਾਲ ਮਸੀਤ ਚਲ ਪਏ। ਜਦੋਂ ਸਾਰੇ ਨਮਾਜ਼ ਅਦਾ ਕਰਨ ਲੱਗੇ ਤਾਂ ਗੁਰੂ ਨਾਨਕ ਦੇਵ ਜੀ ਸਿਧੇ ਹੀ ਖੜ੍ਹੇ ਰਹੇ। ਜਦੋਂ ਨਮਾਜ਼ ਖ਼ਤਮ ਹੋਈ ਤਾਂ ਨਵਾਬ ਨੇ ਗੁਰੂ ਜੀ ਨੂੰ ਕਿਹਾ, "ਤੁਸੀਂ ਨਮਾਜ਼ ਕਿਉਂ ਨਹੀਂ ਅਦਾ ਕੀਤੀ? ਜਦੋਂ ਨਮਾਜ਼ ਪੜ੍ਹ ਰਹੇ ਸੀ ਆਪ ਜੀ ਚੁਪਚਾਪ ਕਿਉਂ ਖੜੇ ਰਹੇ?" ਗੁਰੂ ਜੀ ਨੇ ਜੁਆਬ ਦਿੱਤਾ, "ਨਵਾਬ ਸਾਹਿਬ ਮੈਂ ਕਿਵੇਂ ਤੇ ਕਿਸ ਨਾਲ ਨਮਾਜ਼ ਪੜ੍ਹਦਾ?" ਨਵਾਬ ਨੇ ਕਿਹਾ, "ਤੁਸੀਂ ਸਾਡੇ ਨਾਲ ਨਮਾਜ਼ ਕਰਨਾ ਮੰਨ ਗਏ ਸੀ ਪਰ ਫੇਰ ਕਿਉਂ ਨਮਾਜ਼ ਅਦਾ ਨਹੀਂ ਕੀਤੀ?" ਗੁਰੂ ਜੀ ਆਖਣ ਲੱਗੇ "ਜੀ ਇਹ ਠੀਕ ਹੈ ਕਿ ਮੈਂ ਨਮਾਜ਼ ਪੜ੍ਹਨ ਲਈ ਹਾਂ ਕੀਤੀ ਸੀ। ਤੁਸੀਂ ਨਮਾਜ਼ ਕਰ ਤਾਂ ਰਹੇ ਸੀ ਪਰ ਤੁਹਾਡਾ ਮਨ ਤਾਂ ਕਿਥੇ ਹੋਰ ਸੀ। ਮੈਂ ਤੁਹਾਡੇ ਨਾਲ ਨਮਾਜ਼ ਕਿਵੇਂ ਕਰ ਸਕਦਾ ਸੀ।" ਨਵਾਬ ਨੇ ਕਿਹਾ, "ਮੈਂ ਤਾਂ ਤੁਹਾਡੀਆਂ ਅੱਖਾਂ ਸਾਹਮਣੇ ਨਮਾਜ਼ ਕਰ ਰਿਹਾ ਸੀ।" ਗੁਰੂ ਜੀ ਨੇ ਕਿਹਾ,"ਜੀ ਨਹੀਂ ਤੁਹਾਡਾ ਸਰੀਰ ਤਾਂ ਇਥੇ ਸੀ ਪਰ ਮਨ ਕਰਕੇ ਤੁਸੀਂ ਕੰਧਾਰ ਵਿੱਚ ਘੋੜੇ ਖਰੀਦ ਰਹੇ ਸੀ।" ਨਵਾਬ ਨੇ ਕਿਹਾ, "ਜੇਕਰ ਮੇਰਾ ਮਨ ਇਥੇ ਨਹੀਂ ਸੀ ਤਾਂ ਤੁਸੀਂ ਕਾਜ਼ੀ ਨਾਲ ਨਮਾਜ਼ ਕਰ ਲੈਂਦੇ।" ਗੁਰੂ ਜੀ ਨੇ ਜੁਆਬ ਦਿੱਤਾ, "ਨਵਾਬ ਸਾਹਿਬ ! ਕਾਜ਼ੀ ਸਾਹਿਬ ਨੂੰ ਤਾਂ ਆਪਣੇ ਘਰ ਨਵ ਜਨਮੇ ਵਛੇਰੇ ਦਾ ਫ਼ਿਕਰ ਲੱਗਾ ਹੋਇਆ ਸੀ। ਕਿਉਂਕਿ ਇਥੇ ਆਉਣ ਤੋਂ ਪਹਿਲਾਂ ਉਹ ਉਸ ਨੂੰ ਚੰਗੀ ਤਰ੍ਹਾਂ ਬੰਨਣਾ ਭੁੱਲ ਗਏ ਸੀ।" ਇਹ ਸੁਣ ਕੇ ਕਾਜ਼ੀ ਨੇ ਕਿਹਾ, "ਨਵਾਬ ਸਾਹਿਬ! ਗੁਰੂ ਨਾਨਕ ਦੇਵ ਜੀ ਠੀਕ ਆਖ ਰਹੇ ਹਨ। ਸਵੇਰੇ ਮੇਰੀ ਘੋੜੀ ਨੇ ਵਛੇਰੇ ਨੂੰ ਜਨਮ ਦਿੱਤਾ ਹੈ। ਮੈਨੂੰ ਫਿਕਰ ਲੱਗਾ ਹੋਇਆ ਸੀ ਕਿ ਜੇਕਰ ਵਛੇਰਾ ਟੋਏ ਵਿੱਚ ਡਿਗ ਪਿਆ ਤਾਂ ਉਸ ਕੋਲੋਂ ਮੁੜ ਕੇ ਬਾਹਰ ਨਹੀਂ ਨਿਕਲਿਆ ਜਾਣਾ ।"

ਗੁਰੂ ਨਾਨਕ ਦੇਵ ਜੀ ਨੇ ਆਖਿਆ, "ਕਾਜ਼ੀ ਸਾਹਿਬ! ਰੱਬ ਦੀ ਦਰਗਾਹ ਵਿੱਚ ਪੂਰਨ ਮਨ ਤੇ ਧਿਆਨ ਨਾਲ ਕੀਤੀ ਨਮਾਜ਼ ਹੀ ਪਰਵਾਨ ਹੁੰਦੀ ਹੈ। ਕੇਵਲ ਸਰੀਰ ਕਰਕੇ ਕੀਤੀ ਨਮਾਜ਼ ਸਹੀ ਨਹੀਂ।" ਇਸ ਲਈ ਪਰਮਾਤਮਾ ਦੀ ਇਬਾਦਤ ਮਨ ਦੀ ਇਕਾਗਰਤਾ ਅਤੇ ਸੱਚੇ ਦਿਲ ਨਾਲ ਕਰਨੀ ਚਾਹੀਦੀ ਹੈ, ਜਿਸ ਨਾਲ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ।

******************

# 6. ਸੱਚੀ ਕਿਰਤ

ਗੁਰੂ ਨਾਨਕ ਦੇਵ ਜੀ ਜਦੋਂ 30 ਵਰ੍ਹਿਆਂ ਦੇ ਹੋਏ ਤਾਂ ਰਾਇ ਬੁਲਾਰ ਨੇ ਮਹਿਤਾ ਕਾਲੂ ਨੂੰ ਆਖਿਆ, "ਨਾਨਕ ਨੂੰ ਸੁਲਤਾਨਪੁਰ ਲੋਧੀ ਵਿਖੇ ਭੈਣ ਨਾਨਕੀ ਕੋਲ ਭੇਜ ਦਿਓ। ਉਸ ਦਾ ਪਤੀ ਜੈ ਰਾਮ ਵਜ਼ੀਰ ਦੇ ਤੌਰ 'ਤੇ ਦੌਲਤ ਖਾਨ ਦੀ ਰਿਆਸਤ ਦਾ ਪ੍ਰਬੰਧ ਵੇਖ ਰਿਹਾ ਹੈ। ਭਾਈ ਜੈ ਰਾਮ ਇਸ (ਗੁਰੂ ਨਾਨਕ ਦੇਵ ਜੀ) ਨੂੰ ਕਿਸੇ ਯੋਗ ਥਾਂ 'ਤੇ ਦੌਲਤ ਖਾਨ ਕੋਲ ਨੌਕਰੀ ਲਵਾ ਦੇਵੇਗਾ।"

ਸੰਜੋਗ ਨਾਲ ਇਸੇ ਸਮੇਂ ਦੌਲਤ ਖਾਨ ਸਰਕਾਰੀ 'ਮੋਦੀ ਖਾਨੇ' ਸੰਭਾਲਣ ਵਾਸਤੇ ਇਮਾਨਦਾਰ ਤੇ ਮਿਹਨਤੀ ਭੰਡਾਰੀ ਦੀ ਭਾਲ ਵਿੱਚ ਸੀ। ਉਹਨਾਂ ਦਿਨਾਂ ਵਿੱਚ ਮੋਦੀ ਖਾਨੇ ਵਜੋਂ ਵੱਡੇ ਗੋਦਾਮ ਵਿੱਚ ਜ਼ਿਮੀਦਾਰ ਟੈਕਸ ਵਜੋਂ ਆਪਣੀ ਫਸਲ ਦਾ ਕੁਝ ਹਿੱਸਾ ਇਸ ਸਰਕਾਰੀ ਮੋਦੀਖਾਨੇ ਵਿੱਚ ਜਮ੍ਹਾਂ ਕਰਵਾਇਆ ਕਰਦੇ ਸਨ।

ਸਰਕਾਰੀ ਫ਼ੌਜ ਦੇ ਖਾਣ ਲਈ ਰਾਸ਼ਨ ਭੇਜਣਾ ਮੋਦੀ ਪਦ ਦੀ ਜ਼ਿੰਮੇਵਾਰੀ ਸੀ। ਇਸੇ ਤਰ੍ਹਾਂ ਵਾਧੂ ਅਨਾਜ ਲੋਕਾਂ ਨੂੰ ਵੇਚ ਕੇ ਪੈਸੇ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਵਾਉਣਾ ਵੀ ਏਸੇ ਦਾ ਕੰਮ ਸੀ। ਇਸ ਤਰ੍ਹਾਂ ਮੋਦੀ ਦਾ ਕੰਮ ਬਹੁਤ ਜ਼ਿੰਮੇਵਾਰੀ ਵਾਲਾ ਸੀ। ਜਿਸ ਵਿੱਚ ਕੰਮ ਕਰਨ ਵਾਲੇ ਅਕਸਰ ਬੇਇਮਾਨੀ ਤੇ ਗ੍ਰਾਹਕਾਂ ਨਾਲ ਹੇਰਾ-ਫੇਰੀ ਕਰਦੇ ਸਨ। ਇਸ ਗੱਲ ਦੀਆਂ ਬਹੁਤ ਸ਼ਿਕਾਇਤਾਂ ਆਉਂਦੀਆਂ ਸਨ। ਜਦੋਂ ਨਵਾਬ ਨੂੰ ਪਤਾ ਲੱਗਾ ਕਿ ਨਾਨਕ ਫ਼ਾਰਸੀ ਤੇ ਹਿਸਾਬ-ਕਿਤਾਬ ਬਾਰੇ ਚੰਗਾ ਜਾਣਦੇ ਹਨ ਤਾਂ ਉਸ ਨੇ ਤੁਰੰਤ ਉਹਨਾਂ ਨੂੰ ਮੋਦੀ ਰੱਖ ਲਿਆ।

ਗੁਰੂ ਨਾਨਕ ਦੇਵ ਜੀ ਸਾਰਿਆਂ ਪ੍ਰਤੀ ਭਲੇ ਤੇ ਦਿਆਲੂ ਸੁਭਾਅ ਦੇ ਸਨ। ਇਸ ਕਰਕੇ ਮੋਦੀ ਖਾਨੇ ਆਉਣ ਵਾਲੇ ਹਰ ਵਿਅਕਤੀ ਨਾਲ ਆਪ ਬਰਾਬਰੀ ਨਾਲ ਪੇਸ਼ ਆਉਂਦੇ ਸਨ। ਜੇ ਕੋਈ ਗਰੀਬ ਆ ਜਾਂਦਾ ਤਾਂ ਗੁਰੂ ਨਾਨਕ ਦੇਵ ਜੀ ਆਪਣੀ ਤਨਖਾਹ ਵਿਚੋਂ ਉਸ ਨੂੰ ਅਨਾਜ ਦੇ ਦਿੰਦੇ। ਜਿਹੜਾ ਵੀ ਮੋਦੀਖਾਨੇ ਆਉਂਦਾ ਉਹ ਖੁਸ਼ ਹੀ ਜਾਂਦਾ। ਸਭ ਤੋਂ ਵੱਧ ਇਹ ਸੀ ਕਿ ਦੌਲਤ ਖਾਨ ਵੀ ਗੁਰੂ ਨਾਨਕ ਦੇਵ ਜੀ ਦੇ ਕੰਮ ਦੀ ਇਮਾਨਦਾਰੀ ਤੋਂ ਖੁਸ਼ ਸੀ।

ਕਈ ਆਉਂਦੇ ਅਤੇ ਗੁਰੂ ਨਾਨਕ ਦੇਵ ਜੀ ਨੂੰ ਆਖਦੇ, "ਨਾਨਕ ਜੀ! ਅਸੀਂ ਵੇਖ ਰਹੇ ਹਾਂ ਤੁਸੀਂ ਮੋਦੀਖਾਨੇ ਵਿੱਚ ਲੋੜਵੰਦ ਗਰੀਬਾਂ ਨੂੰ ਮੁਫ਼ਤ ਹੀ ਅਨਾਜ ਵੰਡੀ ਜਾਂਦੇ ਹੋ, ਇਹ ਘਾਟਾ ਕਿਵੇਂ ਪੂਰਾ ਹੋਵੇਗਾ?" ਜੁਆਬ ਵਿੱਚ ਗੁਰੂ ਨਾਨਕ ਦੇਵ ਜੀ ਆਖਦੇ, "ਜਿਸ ਰੱਬ ਨੇ ਮੈਨੂੰ ਇਸ ਮੋਦੀਖਾਨੇ ਦਾ ਮੋਦੀ ਨਿਯੁਕਤ ਕਰਵਾਇਆ ਹੈ, ਇਹ ਗਰੀਬ ਉਸੇ ਨੇ ਹੀ ਪੈਦਾ ਕੀਤੇ ਹਨ। ਇਹ ਕੰਮ ਮੈਂ ਉਸੇ ਦਾ ਸਮਝ ਕੇ ਹੀ ਕਰ ਰਿਹਾਂ ਤਾਂ ਫੇਰ ਘਾਟਾ ਕਿਵੇਂ ਹੋ ਸਕਦਾ ਹੈ?"

ਮੋਦੀ ਖਾਨੇ ਦੀਆਂ ਜ਼ਿੰਮੇਵਾਰੀਆਂ ਦੇ ਨਾਲ-ਨਾਲ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਵੀ ਆਪਣੇ ਕੋਲ ਬੁਲਾ ਲਿਆ। ਰੋਜ਼ਾਨਾ ਦੋਵੇਂ ਅੰਮ੍ਰਿਤ ਵੇਲੇ ਉੱਠ ਕੇ ਵੇਈਂ ਨਦੀ ਵਿੱਚ ਇਸ਼ਨਾਨ ਲਈ ਜਾਂਦੇ, ਉਸ ਪਰਮਾਤਮਾ ਦੀ ਸਿਫਤ ਸਲਾਹ ਵਿੱਚ ਗਾਉਂਦੇ ਅਤੇ ਫੇਰ ਮੋਦੀ ਖਾਨੇ ਦੇ ਕੰਮ ਉੱਤੇ ਆ ਜਾਂਦੇ।

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਕਿ ਇੱਕ ਧਰਮੀ ਬੰਦੇ ਨੂੰ ਆਪਣੇ ਜੀਵਨ ਵਿੱਚ ਸੱਚੇ ਵਿਹਾਰ ਨਾਲ ਕਿਵੇਂ ਸੱਚੀ ਕਿਰਤ ਕਰਨੀ ਚਾਹੀਦੀ ਹੈ। ਇਸੇ ਕਰਕੇ ਗੁਰੂ ਨਾਨਕ ਦੇਵ ਜੀ ਨੇ ਹਰ ਮਨੁੱਖ ਨੂੰ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦਾ ਉਪਦੇਸ਼ ਦਿੱਤਾ।

******************

# 7. ਭਾਈ ਮਰਦਾਨਾ

ਭਾਈ ਮਰਦਾਨੇ ਨੇ ਆਪਣੇ ਜੀਵਨ ਦੇ ਅੰਤ ਤੱਕ ਲਗਪਗ 47 ਸਾਲ ਗੁਰੂ ਨਾਨਕ ਦੇਵ ਜੀ ਨਾਲ ਨਿਭਾਏ। ਇਹਨਾਂ (ਭਾਈ ਮਰਦਾਨੇ) ਨੂੰ ਬਰਫ਼ਾਈ ਪਹਾੜੀ, ਤਪਦੇ ਮਾਰੂਥਲ, ਖੂੰਖਾਰ ਜਾਨਵਰਾਂ ਭਰੇ ਭਿਆਨਕ ਜੰਗਲ, ਬੀਆਬਾਨ, ਭੁੱਖ, ਪਿਆਸ ਅਤੇ ਘਰ ਦੇ ਸੁੱਖ ਅਰਾਮ ਦੀ ਯਾਦ ਕਦੇ ਵੀ ਗੁਰੂ ਨਾਨਕ ਦੇਵ ਜੀ ਦੇ ਸਾਥ ਨਿਭਾਉਣ ਤੋਂ ਨਹੀਂ ਰੋਕ ਸਕੀ। ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਵਿਚੋਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਪੰਜ ਵਿਕਾਰਾਂ ਨੂੰ ਖਤਮ ਕਰਕੇ ਸਤਿ, ਸੰਤੋਖ, ਦਇਆ, ਧੀਰਜ ਅਤੇ ਭਰੋਸੇ ਰੂਪ  ਸਦਗੁਣਾਂ ਦੀ ਬਖਸ਼ਿਸ਼ ਕੀਤੀ।

ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਤੋਂ ਨੌ ਵਰ੍ਹੇ ਵੱਡੇ ਸਨ। ਇਨ੍ਹਾਂ ਦੇ ਪਿਤਾ ਜਾਤ ਕਰਕੇ ਮੁਸਲਿਮ ਮਿਰਾਸੀ ਸਨ। ਮਿਰਾਸੀ ਆਮ ਕਰਕੇ ਪੇਸ਼ੇ ਵਜੋਂ ਸੰਗੀਤ ਦੁਆਰਾ ਵਿਆਹ ਸ਼ਾਦੀ ਅਤੇ ਹੋਰ ਸਮਾਜਕ ਸਮਾਗਮਾਂ ਵਿੱਚ ਗਾਉਣ-ਵਜਾਉਣ ਕਰਕੇ ਹਾਸੇ ਮਜ਼ਾਕ ਦੀਆਂ ਰਚਨਾਵਾਂ ਦੁਆਰਾ ਲੋਕਾਂ ਦਾ ਮਨੋਰੰਜਨ ਕਰਦੇ ਸਨ। ਉਹ ਬਹੁਤੇ ਪੜ੍ਹੇ ਲਿਖੇ ਤਾਂ ਨਹੀਂ ਹੁੰਦੇ ਪਰ ਇਨ੍ਹਾਂ ਨੂੰ ਜ਼ੁਬਾਨੀ ਬਹੁਤ ਕੁਝ ਯਾਦ ਹੁੰਦਾ ਹੈ। ਭਾਈ ਮਰਦਾਨਾ ਵੀ ਮਿਰਾਸੀਆਂ ਦੇ ਗੁਣਾਂ ਦੇ ਨਾਲ (ਤੰਤੀ ਸਾਜ਼) ਰਬਾਬ ਨੂੰ ਵਜਾਉਣ ਦਾ ਹੁਨਰ ਵੀ ਰੱਖਦੇ ਸਨ। ਭਾਈ ਗੁਰਦਾਸ ਜੀ ਨੇ ਜਿਥੇ ਆਪਣੀ 11ਵੀਂ ਵਾਰ ਵਿੱਚ ਗੁਰੂ ਨਾਨਕ ਦੇਵ ਜੀ ਦੇ ਜੀਵਨ-ਕਾਲ ਦੇ ਕਈਂ ਗੁਰਸਿੱਖਾਂ ਦਾ ਜ਼ਿਕਰ ਕੀਤਾ ਹੈ ਉਥੇ ਭਾਈ ਮਰਦਾਨੇ ਨੂੰ ਰਬਾਬੀ ਵਜੋਂ ਉਪਮਾ ਦਿੱਤੀ ਹੈ:

ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ।

(ਵਾਰਾਂ ਭਾਈ ਗੁਰਦਾਸ ਜੀ, ਵਾਰ/ਪਉੜੀ - 11/13)

ਇਲਾਹੀ ਹੁਕਮ ਮੰਨ ਕੇ ਗੁਰੂ ਨਾਨਕ ਦੇਵ ਜੀ ਨੇ ਆਪਣਾ ਜੀਵਨ ਲੋਕਾਈ ਦੀ ਸੇਵਾ ਵਿੱਚ ਲਗਾਉਣ ਲਈ 38 ਸਾਲ ਦੀ ਉਮਰ ਵਿੱਚ ਸੁਲਤਾਨਪੁਰ ਵਿਖੇ ਮੋਦੀ ਖਾਨੇ ਦਾ ਕੰਮਕਾਜ ਛੱਡ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਭੁਲੇ ਭਟਕੇ ਲੋਕਾਂ ਨੂੰ ਸਿਧੇ ਰਾਹ ਪਾਉਣ ਲਈ ਲੰਮੀਆਂ ਉਦਾਸੀਆਂ ਤੇ ਪੈਦਲ ਜਾਣ ਦਾ ਮਨ ਬਣਾਇਆ ਅਤੇ ਰਬਾਬੀ ਭਾਈ ਮਰਦਾਨੇ ਨੂੰ ਆਪਣਾ ਸਾਥੀ ਚੁਣਿਆ :

ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।

(ਵਾਰਾਂ ਭਾਈ ਗੁਰਦਾਸ ਜੀ, ਵਾਰ/ਪਉੜੀ - 1/35)

ਉਹਨਾਂ ਸਭ ਤੋਂ ਪਹਿਲਾਂ ਸੁਲਤਾਨਪੁਰ ਲੋਧੀ ਤੋਂ ਲਾਹੌਰ ਤਕ ਦੀ ਯਾਤਰਾ ਕੀਤੀ। ਰਾਹ ਵਿੱਚ ਜਿਥੇ-ਕਿਥੇ ਉਹ ਰਾਤ ਗੁਜ਼ਾਰ ਲੈਂਦੇ। ਗੁਰੂ ਨਾਨਕ ਦੇਵ ਜੀ ਪਰਮਾਤਮਾ ਦੀ ਸਿਫ਼ਤ ਵਿੱਚ ਜਦੋਂ ਬਾਣੀ ਦਾ ਕੀਰਤਨ ਕਰਦੇ ਤਾਂ ਭਾਈ ਮਰਦਾਨਾ ਉਹਨਾਂ ਨਾਲ ਰਬਾਬ ਵਜਾਇਆ ਕਰਦੇ ਸਨ। ਭਾਈ ਮਰਦਾਨੇ ਵਾਂਗ ਮਨੁੱਖ ਨੂੰ ਆਪਣਾ ਜੀਵਨ ਆਪਣੇ ਗੁਰੂ ਨੂੰ ਸਮਰਪਿਤ ਕਰਨਾ ਚਾਹੀਦਾ ਹੈ।

******************

# 8. ਧਨ ਪਰਲੋਕ ਲੈ ਜਾਣਾ

ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਇੱਕ ਦਿਨ ਲਾਹੌਰ ਪੁਜੇ। ਹਮੇਸ਼ਾ ਵਾਂਗ ਗੁਰੂ ਨਾਨਕ ਦੇਵ ਜੀ ਨੇ ਇਲਾਹੀ ਉਸਤਤਿ ਵਿੱਚ ਬਾਣੀ ਗਾਈ। ਲੋਕ ਇੱਕਠੇ ਹੋਏ। ਉਹਨਾਂ ਕੀਰਤਨ ਸੁਣਿਆ ਅਤੇ ਸਦੀਵੀ ਆਨੰਦ ਮਾਣਿਆ। ਇੱਕ ਦਿਨ ਦੁਨੀ ਚੰਦ ਨਾਂ ਦਾ ਇੱਕ ਵਪਾਰੀ ਵੀ ਕੀਰਤਨ ਸੁਣਨ ਆਇਆ। ਉਸ ਨੂੰ ਰੱਬੀ ਬਾਣੀ ਦਾ ਕੀਰਤਨ ਬਹੁਤ ਚੰਗਾ ਲੱਗਾ। ਦੁਨੀ ਚੰਦ ਨੇ ਗੁਰੂ ਜੀ ਨੂੰ ਆਪਣੇ ਸ਼ਾਨਦਾਰ ਘਰ ਆਉਣ ਦਾ ਸੱਦਾ ਦਿੱਤਾ। ਗੁਰੂ ਜੀ ਨੇ ਉਸ ਦੇ ਘਰ ਜਾਣ ਤੋਂ ਇਹ ਕਹਿਕੇ ਕਿ ਨਾਂਹ ਕਰ ਦਿੱਤੀ ਕਿ ਉਹ ਖੁਲ੍ਹੇ ਕੁਦਰਤੀ ਵਾਤਾਵਰਣ 'ਚ ਹੀ ਰਹਿਣਾ ਚਾਹੁੰਦੇ ਹਨ।

ਦੁਨੀ ਚੰਦ ਵੀ ਜ਼ਿਦ ਕਰਨ ਲੱਗਾ ਅਤੇ ਗੁਰੂ ਜੀ ਨੂੰ ਘਰ ਆਉਣ ਲਈ ਬੇਨਤੀਆਂ ਕਰਨ ਲੱਗਾ। ਗੁਰੂ ਜੀ ਮੰਨ ਗਏ। ਜਦੋਂ ਗੁਰੂ ਜੀ ਦੁਨੀ ਚੰਦ ਦੇ ਘਰ ਪੁੱਜੇ ਤਾਂ ਗੁਰੂ ਜੀ ਨੇ ਇੱਕ ਹਵੇਲੀ ਵੇਖੀ ਜਿਸ ਛੱਤ ਉੱਤੇ ਸੱਤ ਝੰਡੇ ਲੱਗੇ ਹੋਏ ਸਨ। ਦੁਨੀ ਚੰਦ ਗੁਰੂ ਜੀ ਨੂੰ ਬੜੇ ਸਤਿਕਾਰ ਨਾਲ ਅੰਦਰ ਲੈ ਗਿਆ ਅਤੇ ਇੱਕ ਅਰਾਮਦਾਇਕ ਆਸਣ ਉੱਤੇ ਬਿਠਾਇਆ। ਉਸ ਨੇ ਗੁਰੂ ਜੀ ਨੂੰ ਸੁਆਦੀ ਖਾਣਾ ਖੁਆਇਆ। ਗੁਰੂ ਜੀ ਨੇ ਕੁਝ ਦੇਰ ਬਾਅਦ ਦੁਨੀ ਚੰਦ ਨੂੰ ਛੱਤ ਉੱਤੇ ਲੱਗਾਏ ਸੱਤ ਝੰਡਿਆਂ ਬਾਰੇ ਪੁੱਛਿਆ।

ਦੁਨੀ ਚੰਦ ਨੇ ਜੁਆਬ ਦਿੱਤਾ, "ਇੱਕ ਝੰਡੇ ਦਾ ਅਰਥ ਹੈ ਕਿ ਮੇਰੇ ਕੋਲ ਇੱਕ ਕਰੋੜ ਰੁਪਇਆ ਹੈ। ਮੈਂ ਸੱਤ ਕਰੋੜ ਰੁਪਏ ਇਕੱਠੇ ਕਰ ਲਏ ਹਨ। "ਗੁਰੂ ਜੀ ਨੇ ਕਿਹਾ, "ਇਸ ਦਾ ਮਤਲਬ ਤੂੰ ਅਮੀਰ ਹੈ ਪਰ ਈਮਾਨ ਨਾਲ ਦੱਸੀ, "ਕੀ ਤੂੰ ਖੁਸ਼ ਅਤੇ ਸੰਤੁਸ਼ਟ ਹੈ?" ਦੁਨੀ ਚੰਦ ਨੇ ਜੁਆਬ ਦਿੱਤਾ, "ਸੱਚ ਤਾਂ ਇਹ ਹੈ ਕਿ ਮੈਂ ਅਜੇ ਹੋਰ ਚਾਹੁੰਦਾ ਹਾਂ। ਕੁਝ ਬੰਦੇ ਮੇਰੇ ਨਾਲੋਂ ਵੀ ਅਮੀਰ ਹਨ। ਮੈਂ ਲਾਹੌਰ ਦਾ ਸਭ ਤੋਂ ਅਮੀਰ ਬੰਦਾ ਬਣਨਾ ਚਾਹੁੰਦਾ ਹਾਂ। ਜੋ ਮੇਰੇ ਕੋਲ ਹੈ, ਮੈਂ ਉਸ ਤੋਂ ਖੁਸ਼ ਤੇ ਸੰਤੁਸ਼ਟ ਨਹੀਂ।"

ਗੁਰੂ ਜੀ ਨੇ ਕਿਹਾ, "ਜੇਕਰ ਤੂੰ ਲਾਹੌਰ ਜਾਂ ਦੇਸ਼ ਜਾਂ ਦੁਨੀਆਂ ਦਾ ਸਭ ਤੋਂ ਅਮੀਰ ਵਿਅਕਤੀ ਬਣ ਵੀ ਗਿਆ ਤਾਂ ਕੀ ਤੈਨੂੰ ਉਸ ਨਾਲ ਖੁਸ਼ੀ ਮਿਲ ਜਾਵੇਗੀ?" ਦੁਨੀ ਚੰਦ ਨੂੰ ਅਸਲ ਵਿੱਚ ਪਤਾ ਨਹੀਂ ਸੀ ਕਿ ਉਹ ਕਿਸ ਤਰ੍ਹਾਂ ਹਮੇਸ਼ਾ ਲਈ ਖੁਸ਼ ਹੋਵੇਗਾ। ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ ਜੇਕਰ ਉਹੀ ਕੋਈ ਰਾਹ ਦੱਸ ਸਕਣ। ਗੁਰੂ ਜੀ ਨੇ ਇੱਕ ਸੂਈ ਕੱਢੀ ਤੇ ਦੁਨੀ ਚੰਦ ਨੂੰ ਕਿਹਾ, "ਇਹ ਸੂਈ ਰੱਖ ਲੈ ਅਤੇ ਮੈਂ ਤੇਰੇ ਕੋਲੋਂ ਇਹ ਅਗਲੇ ਜਨਮ ਵਿੱਚ ਲੈ ਲਵਾਂਗਾ।"

ਦੁਨੀ ਚੰਦ ਹੈਰਾਨ ਸੀ। ਉਸ ਨੂੰ ਪਤਾ ਨਹੀਂ ਸੀ ਲਗ ਰਿਹਾ ਕਿ ਓਹ ਕੀ ਕਰੇ? ਉਸ ਨੇ ਕਿਹਾ, "ਮੈਂ ਸ਼ਾਇਦ ਮੌਤ ਤੋਂ ਬਾਅਦ ਇਸ ਨੂੰ ਨਹੀਂ ਲਿਜਾ ਸਕਦਾ।"

ਗੁਰੂ ਜੀ ਨੇ ਮੁਸਕਰਾ ਕੇ ਆਖਿਆ, "ਜੇਕਰ ਤੂੰ ਇੱਕ ਨਿੱਕੀ ਜਿਹੀ ਸੂਈ ਅਗਲੀ ਦੁਨੀਆਂ ਵਿੱਚ ਨਹੀਂ ਲਿਜਾ ਸਕਦਾ ਤਾਂ ਇਹ ਸੱਤ ਕਰੋੜ ਰੁਪਿਆ ਅਗਲੀ ਦੁਨੀਆਂ ਵਿੱਚ ਕਿਵੇਂ ਲਿਜਾ ਸਕੇਂਗਾ?" ਤੂੰ ਇਸ ਦੌਲਤ ਨੂੰ ਕਿਸੇ ਚੰਗੇ ਕੰਮ 'ਤੇ ਨਹੀਂ ਲਾ ਰਿਹਾ। ਤੂੰ ਕੇਵਲ ਇਸ ਨੂੰ ਸਾਂਭ-ਸਾਂਭ ਕੇ ਰੱਖ ਰਿਹਾ ਹੈ। ਇਸ ਤਰ੍ਹਾਂ ਇਹ ਦੌਲਤ ਇਸ ਦੁਨੀਆਂ ਵਿੱਚ ਕਿਸੇ ਕੰਮ ਨਹੀਂ ਆ ਰਹੀ?"

ਦੁਨੀ ਚੰਦ ਹੋਰ ਜ਼ਿਆਦਾ ਪਰੇਸ਼ਾਨ ਹੋ ਗਿਆ। ਉਸ ਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਫੇਰ ਉਹ ਇਸ ਦੌਲਤ ਦਾ ਕੀ ਕਰੇ?

ਗੁਰੂ ਜੀ ਨੇ ਸਮਝਾਇਆ, "ਇਹ ਦੌਲਤ ਗਰੀਬਾਂ ਨੂੰ ਵੰਡ ਦੇ ਜੋ ਭੁਖੇ ਹਨ, ਜਿਨ੍ਹਾਂ ਕੋਲ ਤਨ ਢਕਣ ਲਈ ਕਪੜੇ ਨਹੀਂ, ਉਹਨਾਂ ਲੋੜਵੰਦਾਂ ਦੀ ਸਹਾਇਤਾ ਕਰ। ਹਰ ਇੱਕ ਮਨੁੱਖ ਨਾਲ ਇਹ ਵਿਵਹਾਰ ਕਰ ਕਿ ਉਸ ਨੂੰ ਵੀ ਉਸ ਰੱਬ ਨੇ ਹੀ ਬਣਾਇਆ ਹੈ। ਇਸ ਤਰ੍ਹਾਂ ਤੈਨੂੰ ਆਨੰਦ ਤੇ ਸੰਤੋਖ ਮਿਲੇਗਾ। ਦੁਨੀ ਚੰਦ ਗੁਰੂ ਜੀ ਦਾ ਸਿੱਖ ਬਣ ਗਿਆ ਅਤੇ ਇਸ ਪਿਛੋਂ ਉਹੀ ਕਰਨ ਲੱਗਾ ਜੋ ਗੁਰੂ ਜੀ ਨੇ ਸਿੱਖਿਆ ਦਿੱਤੀ।

ਉਪਰੋਕਤ ਘਟਨਾ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸੰਸਾਰ ਦੀਆਂ ਨਾਸ਼ਵਾਨ ਵਸਤੂਆਂ ਵਿੱਚ ਮਨੁੱਖ ਗਲਤਾਨ ਨਾ ਹੋਵੇ ਕਿਉਂਕਿ ਸੰਤੋਖ ਤੋਂ ਬੜੀ ਕੋਈ ਦੌਲਤ ਨਹੀਂ। ਮਨੁੱਖ ਨੂੰ ਪ੍ਰਭੂ ਦਾ ਨਾਮ ਜਪਣਾ ਤੇ ਹਮੇਸ਼ਾ ਸੰਤੁਸ਼ਟ ਰਹਿਣਾ ਚਾਹੀਦਾ ਹੈ।

******************

# 9. ਮਾਇਆ ਨਾਲ ਨਹੀਂ ਜਾਂਦੀ

ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਇੱਕ ਦਿਨ ਕਾਰੂ ਦੇ ਰਾਜ ਵਿੱਚ ਪੁਜੇ, ਜੋ ਬਹੁਤ ਜ਼ੁਲਮੀ ਰਾਜਾ ਸੀ। ਉਸ ਨੂੰ ਸੋਨਾ ਚਾਂਦੀ ਇਕੱਠਾ ਕਰਨ ਦੀ ਬਹੁਤ ਲਾਲਸਾ ਸੀ। ਜੇ ਉਸ ਨੂੰ ਪਤਾ ਲਗਦਾ ਕਿ ਉਸ ਦੇ ਰਾਜ ਵਿੱਚ ਕਿਸੇ ਕੋਲ ਸੋਨਾ ਚਾਂਦੀ ਹੈ ਤਾਂ ਉਹ ਉਸ ਕੋਲ ਜ਼ੋਰ-ਜਬਰਦਸਤੀ ਕਰਕੇ ਹਰ ਤਰ੍ਹਾਂ ਨਾਲ ਖੋਹ ਲੈਂਦਾ ਸੀ। ਉਸ ਨੇ ਸੋਨੇ ਚਾਂਦੀ ਦੇ ਚਾਲੀ ਸੰਦੂਕ ਭਰ ਲਏ ਸਨ।

ਇੱਕ ਦਿਨ ਉਸ ਨੇ ਆਪਣੇ ਮੰਤਰੀ ਨੂੰ ਕਿਹਾ, "ਕੀ ਆਪਣੇ ਰਾਜ ਵਿੱਚ ਕਿਸੇ ਕੋਲ ਸੋਨਾ ਚਾਂਦੀ ਹੈ ਜੋ ਮੈਂ ਨਹੀਂ ਪਰਾਪਤ ਕਰ ਸਕਿਆ?" ਮੰਤਰੀ ਨੇ ਜੁਆਬ ਦਿੱਤਾ, "ਮੈਂ ਪੁੱਛ-ਭਾਲ ਕੇ ਆਪ ਨੂੰ ਕਲ੍ਹ ਦੱਸਾਂਗਾ।"

ਅਗਲੇ ਦਿਨ ਮੰਤਰੀ ਨੇ ਇੱਕ ਗੁਲਾਮ ਕੁੜੀ ਨੂੰ ਬਜ਼ਾਰ ਵਿੱਚ ਵਿਕਣ ਲਈ ਭੇਜਿਆ, ਜਿਸ ਦੀ ਕੀਮਤ ਇੱਕ ਸੋਨੇ ਦੀ ਮੋਹਰ ਰਖੀ ਗਈ ਸੀ। ਇੱਕ ਵਪਾਰੀ ਦੇ ਲੜਕੇ ਨੇ ਆਪਣੀ ਬੁਢੀ ਮਾਂ ਨੂੰ ਘਰ ਦਾ ਕੰਮਕਾਜ ਲਈ ਇਹ ਗੁਲਾਮ ਕੁੜੀ ਖਰੀਦਣ ਲਈ ਆਖਿਆ। ਮਾਂ ਨੇ ਜੁਆਬ ਦਿੱਤਾ ਕਿ ਉਸ ਕੋਲ ਇੱਕ ਵੀ ਮੁਹਰ ਨਹੀਂ ਹੈ ਪਰੰਤੂ ਤੇਰੇ ਪਿਤਾ ਨੂੰ ਉਸ ਦੇ ਮੂੰਹ ਵਿੱਚ ਇੱਕ ਮੁਹਰ ਪਾਕੇ ਦਫਨਾਇਆ ਗਿਆ ਸੀ। ਪੁੱਤਰ ਨੇ ਆਪਣੇ ਪਿਤਾ ਦੀ ਕਬਰ ਖੋਦੀ ਤੇ ਮੁਹਰ ਕੱਢ ਕੇ ਉਸ ਨਾਲ ਗੁਲਾਮ ਕੁੜੀ ਖਰੀਦ ਲਈ। ਜਦੋਂ ਰਾਜੇ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਨੇ ਸਾਰੀਆਂ ਕਬਰਾਂ ਖੁਦਵਾ ਕੇ ਮੁਰਦਿਆਂ ਦੇ ਮੂੰਹ ਵਿਚੋਂ ਸੋਨੇ ਦੀਆਂ ਸਾਰੀਆਂ ਮੁਹਰਾਂ ਕਢਵਾ ਲਈਆਂ।

ਗੁਰੂ ਨਾਨਕ ਦੇਵ ਜੀ ਰਾਜੇ ਦੇ ਮਹਿਲ ਕੋਲ ਪੁਜੇ ਤੇ ਦਵਾਰਪਾਲ ਕੋਲ ਰਾਜੇ ਨੂੰ ਮਿਲਣ ਦੀ ਇੱਛਾ ਦੱਸੀ। ਜਦੋਂ ਰਾਜਾ ਬਾਹਰ ਆਇਆ ਤਾਂ ਉਸ ਵੇਖਿਆ ਕਿ ਗੁਰੂ ਨਾਨਕ ਦੇਵ ਜੀ ਟੁੱਟੇ ਹੋਏ ਭਾਂਡੇ ਦੇ ਠੀਕਰੇ ਗਿਣ ਰਹੇ ਹਨ। ਰਾਜੇ ਨੇ ਹੈਰਾਨੀ ਨਾਲ ਕਿਹਾ, "ਧਰਮਾਤਮਾ ਜੀ! ਇਹ ਕੀ ਕਰ ਰਹੇ ਹੋ? ਇਨ੍ਹਾਂ ਠੀਕਰਿਆਂ ਨੂੰ ਜੋੜਨ ਦਾ ਕੀ ਲਾਭ?" ਗੁਰੂ ਜੀ ਨੇ ਜੁਆਬ ਦਿੱਤਾ, "ਅਸੀਂ ਇਸ ਨੂੰ ਅਗਲੇ ਜਨਮ ਨਾਲ ਲੈ ਕੇ ਜਾਵਾਂਗੇ।" ਰਾਜੇ ਨੇ ਕਿਹਾ, "ਇਸ ਨੂੰ ਅੱਗਲੇ ਜਨਮ ਕਿਵੇਂ ਲਿਜਾ ਸਕਦੇ ਹੋ?" ਗੁਰੂ ਨਾਨਕ ਦੇਵ ਜੀ ਨੇ ਆਖਿਆ, "ਠੀਕ ਉਸੇ ਤਰ੍ਹਾਂ ਜਿਵੇਂ ਤੂੰ ਦੌਲਤ ਇਕੱਠੀ ਕਰਕੇ ਰਖੀ ਹੈ।" ਰਾਜੇ ਨੂੰ ਸੋਨਾ ਚਾਂਦੀ ਇਕੱਠਾ ਕਰਨ ਲਈ ਆਪਣੀ ਲਾਲਸਾ ਦਾ ਪਤਾ ਲੱਗ ਗਿਆ ਅਤੇ ਉਸ ਨੇ ਗੁਰੂ ਜੀ ਨੂੰ ਹੱਲ ਦੱਸਣ ਲਈ ਆਖਿਆ। ਗੁਰੂ ਨਾਨਕ ਦੇਵ ਜੀ ਨੇ ਆਖਿਆ, "ਰਾਜਾ ਕਾਰੂ! ਜੋ ਵੀ ਤੂੰ ਅੱਖਾਂ ਨਾਲ ਵੇਖ ਰਿਹਾ ਹੈ ਇਹ ਸਭ ਇੱਕ ਦਿਨ ਖਤਮ ਹੋ ਜਾਣਾ ਹੈ। ਕੇਵਲ ਤੇਰੇ ਨਾਲ ਤੇਰੇ ਚੰਗੇ ਕਰਮ ਹੀ ਜਾਣੇ ਹਨ। ਇਹ ਘੋੜੇ, ਇਹ ਫ਼ੌਜਾਂ, ਇਹ ਰਾਜ ਸਭ ਇਥੇ ਰਹਿ ਜਾਣਾ ਹੈ ਤੂੰ ਨਾਲ ਨਹੀਂ ਲਿਜਾ ਸਕਦਾ। ਤੂੰ ਦੁਨੀਆਂ ਵਿੱਚ ਇਕੱਲਾ ਆਇਆ ਸੀ ਉਸੇ ਤਰ੍ਹਾਂ ਇਕੱਲੇ ਨੇ ਹੀ ਜਾਣਾ ਹੈ। ਤੂੰ ਆਪਣੀਆਂ ਅੱਖਾਂ ਨਾਲ ਵੇਖਿਆ ਕਿ ਜਿਨ੍ਹਾਂ ਦੇ ਮੂੰਹ ਵਿੱਚ ਸੋਨੇ ਦੀਆਂ ਮੁਹਰਾਂ ਪਾ ਕੇ ਦਫਨਾਇਆ ਗਿਆ ਸੀ ਉਹ ਇੱਕ ਮੁਹਰ ਵੀ ਆਪਣੇ ਨਾਲ ਨਹੀਂ ਲਿਜਾ ਸਕੇ। ਫੇਰ ਪਾਪਾਂ ਨਾਲ ਇਕੱਠੀ ਕੀਤੀ ਏਨੀ ਦੌਲਤ ਤੇਰੇ ਨਾਲ ਕਿਵੇਂ ਜਾਏਗੀ ? ਹਾਂ, ਇਹ ਜ਼ਰੂਰ ਹੈ ਕਿ ਤੇਰੇ ਕਮਾਏ ਪਾਪ ਤੇ ਜ਼ੁਲਮ ਤੇਰੇ ਨਾਲ ਜ਼ਰੂਰ ਜਾਣਗੇ।"

ਇਕ ਸੱਚੇ-ਸੁੱਚੇ ਇਨਸਾਨ ਬਣਨ ਲਈ ਇਸ ਸੰਸਾਰ ਨੂੰ ਨਾਸ਼ਵਾਨ ਜਾਣਦੇ ਹੋਏ ਆਪਣਾ ਫਰਜ਼ ਨਿਭਾਉਣਾ ਚਾਹੀਦਾ ਹੈ ਅਤੇ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਮਾਇਆ ਨਾਲ ਨਹੀਂ ਜਾਂਦੀ ਬਲਕਿ ਪਰਮਾਤਮਾ ਦਾ ਸਿਮਰਨ ਹੀ ਨਾਲ ਜਾਂਦਾ ਹੈ।

*******************

# 10. ਸੱਚੀ ਕਿਰਤ ਤੇ ਪਰਾਇਆ ਹੱਕ

ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਐਮਨਾਬਾਦ (ਪਾਕਿਸਤਾਨ) ਪਹੁੰਚ ਗਏ। ਉਸ ਸ਼ਹਿਰ ਵਿੱਚ ਕਈ ਅਮੀਰ ਲੋਕ ਰਹਿੰਦੇ ਸਨ। ਗੁਰੂ ਜੀ ਕਿਸੇ ਵੀ ਅਮੀਰ ਦੇ ਘਰ ਨਹੀਂ ਗਏ ਸਗੋਂ ਉਹ ਇੱਕ ਗਰੀਬ ਭਾਈ ਲਾਲੋ ਦੇ ਘਰ ਗਏ, ਜੋ ਤਰਖਾਣ ਸੀ। ਉਸਨੂੰ ਸ਼ੂਦਰ ਮੰਨਿਆ ਜਾਂਦਾ ਸੀ। ਸ਼ੂਦਰ ਹਿੰਦੂ ਵਰਣ ਅਨੁਸਾਰ ਨੀਵੀਂ ਜਾਤ ਵਾਲੇ ਨੂੰ ਕਹਿਆ ਜਾਂਦਾ ਹੈ। ਉੱਚੀ ਜਾਤ ਵਾਲੇ ਹਿੰਦੂ, ਬ੍ਰਾਹਮਣ ਅਤੇ ਖੱਤਰੀ ਸ਼ੂਦਰਾਂ ਤੋਂ ਆਪਣੇ ਆਪ ਨੂੰ ਦੂਰ ਰੱਖਦੇ ਸਨ। ਉਹ ਭਾਈ ਲਾਲੋ ਵਰਗੇ ਨੀਵੀਂ ਜਾਤ ਦੇ ਆਦਮੀਆਂ ਨਾਲ ਰੋਟੀ ਪਾਣੀ ਦੀ ਸਾਂਝ ਤੱਕ ਨਹੀਂ ਸੀ ਰੱਖਦੇ।

ਭਾਈ ਲਾਲੋ ਸੱਚੀ ਸੁੱਚੀ ਕਿਰਤ ਕਰਕੇ ਆਪਣਾ ਜੀਵਨ ਬਤੀਤ ਕਰਦਾ ਸੀ। ਉਹ ਦਿਆਲੂ ਤੇ ਚੰਗਾ ਇਨਸਾਨ ਸੀ। ਉਹ ਪ੍ਰਮਾਤਮਾ ਨੂੰ ਪਿਆਰ ਕਰਨ ਵਾਲਾ ਸੀ ਅਤੇ ਦੂਜਿਆਂ ਦੀ ਸੇਵਾ ਤੇ ਸਹਾਇਤਾ ਕਰਦਾ ਸੀ।

ਗੁਰੂ ਨਾਨਕ ਦੇਵ ਜੀ ਜਾਤ ਪੱਖੋਂ ਖੱਤਰੀ ਸਨ। 'ਖੱਤਰੀ' ਨੂੰ ਉੱਚੀ ਜਾਤ ਮੰਨਿਆ ਜਾਂਦਾ ਸੀ ਪਰ ਗੁਰੂ ਜੀ ਨੂੰ ਜਾਤ ਦਾ ਕੋਈ ਹੰਕਾਰ ਨਹੀਂ ਸੀ। ਉਹ ਉੱਚੀ ਜਾਤ ਵਾਲਿਆਂ ਵਾਂਗ ਨਾ ਸੋਚਦੇ ਸੀ ਨਾ ਵਿਹਾਰ ਕਰਦੇ ਸੀ। ਉਹ ਸਾਰੀਆਂ ਜਾਤਾਂ ਦੇ ਲੋਕਾਂ ਨੂੰ ਪਿਆਰ ਕਰਦੇ ਸਨ। ਉਹਨਾਂ ਦਾ ਵਿਸ਼ਵਾਸ ਸੀ ਕਿ ਇੱਕ ਪ੍ਰਮਾਤਮਾ ਨੇ ਹੀ ਸਾਰਿਆਂ ਨੂੰ ਬਣਾਇਆ ਹੈ। ਇਸ ਲਈ ਅਸੀਂ ਸਾਰੇ ਬਰਾਬਰ ਹਾਂ।

ਭਾਈ ਲਾਲੋ ਨੇ ਆਦਰ ਸਹਿਤ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨੇ ਦਾ ਸੁਆਗਤ ਕੀਤਾ। ਖਾਣੇ ਦੇ ਸਮੇਂ ਗਰੀਬ ਭਾਈ ਲਾਲੋ ਕੇਵਲ ਕੋਧਰੇ ਦੀ ਰੋਟੀ ਅਤੇ ਸਾਗ ਹੀ ਪਰੋਸ ਸਕੇ। ਖਾਣਾ ਖਾਣ ਤੋਂ ਬਾਅਦ, ਭਾਈ ਮਰਦਾਨੇ ਨੇ ਕਿਹਾ, "ਇਹ ਭੋਜਨ ਐਨਾ ਸੁਆਦੀ ਕਿਵੇਂ ਹੈ? ਕੀ ਕਾਰਨ ਹੈ?" ਗੁਰੂ ਜੀ ਨੇ ਕਿਹਾ "ਇਹ ਖਾਣਾ ਉਸ ਦੀ ਸੱਚੀ ਕਮਾਈ ਤੋਂ ਬਣਿਆ ਹੋਇਆ ਹੈ, ਇਸ ਕਰਕੇ ਇੰਨਾ ਸੁਆਦ ਹੈ।"

ਫੇਰ ਇੱਕ ਦਿਨ ਇਸੇ ਸ਼ਹਿਰ ਦੇ ਇੱਕ ਉੱਚ ਸਰਕਾਰੀ ਅਹੁਦੇਦਾਰ ਮਲਿਕ ਭਾਗੋ ਨੇ ਬ੍ਰਹਮ ਭੋਜ ਵਜੋਂ ਖਾਣੇ ਦੀ ਦਾਵਤ ਕੀਤੀ। ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਵੀ ਇਸ ਖਾਣੇ ਲਈ ਸੱਦਾ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ,"ਅਸੀਂ ਫਕੀਰ ਲੋਕ ਹਾਂ। ਅਸੀਂ ਬ੍ਰਹਮ ਭੋਜ ਵਿੱਚ ਕੀ ਕਰਨਾ ਹੈ?" ਦੂਸਰੀ ਵਾਰ ਫੇਰ ਬੁਲਾਵਾ ਆਇਆ, ਗੁਰੂ ਜੀ ਨੇ ਭਾਈ ਲਾਲੋ ਨੂੰ ਨਾਲ ਲਿਆ ਅਤੇ ਮਲਿਕ ਭਾਗੋ ਦੇ ਘਰ ਪਹੁੰਚ ਗਏ। ਮਲਿਕ ਭਾਗੋ ਨੇ ਗੁੱਸੇ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਕਿਹਾ, "ਤੁਸੀਂ ਇੱਕ ਨੀਵੀਂ ਜਾਤੀ ਵਾਲੇ ਦੇ ਘਰ ਭੋਜਨ ਖਾ ਕੇ ਉੱਚੀ ਜਾਤੀ ਵਾਲਿਆਂ ਦਾ ਨਿਰਾਦਰ ਕਰ ਰਹੇ ਹੋ। ਮੈਂ ਤੁਹਾਨੂੰ ਵਧੀਆ ਬ੍ਰਹਮ ਭੋਜ ਉਪਰ ਸੱਦਿਆ। ਤੁਸੀਂ ਨਾਹ ਕਿਉਂ ਕੀਤੀ?"

ਗੁਰੂ ਜੀ ਕਦੇ ਵੀ ਨਹੀਂ ਸੀ ਕਹਿੰਦੇ ਕਿ ਉਹਨਾਂ ਕੋਲ ਅਲੌਕਿਕ ਦੈਵੀ ਸ਼ਕਤੀ ਹੈ। ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਇੱਕ ਹੱਥ ਵਿੱਚ ਬ੍ਰਹਮ ਭੋਜ ਦੀ ਰੋਟੀ ਫੜ੍ਹਕੇ ਇਹ ਸਿਧ ਕਰ ਦਿੱਤਾ ਕਿ ਇਸ ਵਿੱਚ ਖੂਨ ਹੈ। ਸਾਰੇ ਲੋਕ ਹੈਰਾਨ ਹੋ ਗਏ। ਗੁਰੂ ਜੀ ਨੇ ਸਮਝਾਇਆ ਕਿ ਇਹ ਖਾਣਾ ਬੇਈਮਾਨੀ ਦੀ ਕਮਾਈ ਤੋਂ ਤਿਆਰ ਕੀਤਾ ਹੈ ਜਿਸ ਵਿੱਚ ਗਰੀਬਾਂ ਦੀ ਕਮਾਈ ਹੈ। ਬੇਈਮਾਨੀ ਦੀ ਕਮਾਈ ਤੋਂ ਤਿਆਰ ਕੀਤਾ ਭੋਜਨ ਖ਼ੂਨ ਵਰਗਾ ਕੌੜਾ ਹੈ।

ਇਹ ਵੀ ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਦੂਜੇ ਹੱਥ ਨਾਲ ਭਾਈ ਲਾਲੋ ਦੇ ਘਰੋਂ ਲਿਆਂਦੀ ਰੋਟੀ ਲੈ ਉਸ ਵਿਚੋਂ ਦੁੱਧ ਕੱਢਿਆ ਭਾਵ ਦੱਸਿਆ, "ਈਮਾਨਦਾਰੀ ਅਤੇ ਸਖਤ ਮਿਹਨਤ ਨਾਲ ਤਿਆਰ ਕੀਤਾ ਸਾਦਾ ਭੋਜਨ ਵੀ ਦੁੱਧ ਵਰਗਾ ਮੀਠਾ ਤੇ ਸੁਆਦੀ ਹੁੰਦਾ ਹੈ।"

ਹਮੇਸ਼ਾ ਹੱਕ ਨਾਲ ਕਮਾਈ ਰੋਟੀ ਨੂੰ ਅੰਗੀਕਾਰ ਕਰਨਾ ਜੋ ਕਿ ਦੁੱਧ ਸਮਾਨ ਹੈ ਅਤੇ ਪਰਾਏ ਧਨ ਦੇ ਸੁਆਦੀ ਭੋਜਨਾਂ ਨੂੰ ਖ਼ੂਨ ਵਾਂਗੂੰ ਜਾਣਨਾ ਹੀ ਇਕ ਸੱਚੇ-ਸੁੱਚੇ ਇਨਸਾਨ ਦੀ ਪਹਿਲੀ ਨਿਸ਼ਾਨੀ ਹੈ।

******************

# 11. ਪਿਤਰਾਂ ਨੂੰ ਪਾਣੀ ਦੇਣਾ

ਗੁਰੂ ਨਾਨਕ ਦੇਵ ਜੀ ਹਿੰਦੂ ਧਰਮ ਦੇ ਇੱਕ ਵਿਸ਼ੇਸ਼ ਅਸਥਾਨ ਹਰਿਦੁਆਰ ਵਿਖੇ ਪਹੁੰਚ ਗਏ। ਉਹਨਾਂ ਨੇ ਵੇਖਿਆ ਕਿ ਗੰਗਾ ਨਦੀ ਵਿੱਚ ਹਜ਼ਾਰਾਂ ਇਸਤਰੀਆਂ ਅਤੇ ਪੁਰਸ਼ ਇਸ਼ਨਾਨ ਕਰ ਰਹੇ ਹਨ। ਉਹਨਾਂ ਨੇ ਵੀ ਆਪਣੇ ਕਪੜੇ ਉਤਾਰ ਕੇ ਭਾਈ ਮਰਦਾਨਾ ਜੀ ਨੂੰ ਫੜਾ ਦਿੱਤੇ ਅਤੇ ਨਦੀ ਵਿੱਚ ਉਤਰ ਗਏ।

ਨਦੀ ਵਿੱਚ ਲੋਕ ਆਪਣੇ ਹੱਥਾਂ ਨਾਲ ਜਲ ਭਰ ਕੇ ਪੂਰਬ ਵੱਲ ਸੁੱਟ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਆਪਣਾ ਮੂੰਹ ਉਹਨਾਂ ਤੋਂ ਉਲਟ ਦਿਸ਼ਾ ਵੱਲ ਕਰਕੇ ਅਤੇ ਪੱਛਮ ਵੱਲ ਨੂੰ ਪਾਣੀ ਦੇਣਾ ਆਰੰਭ ਕਰ ਦਿੱਤਾ। ਗੁਰੂ ਨਾਨਕ ਦੇਵ ਜੀ ਨੂੰ ਇਸ ਤਰ੍ਹਾਂ ਪੱਛਮ ਵੱਲ ਪਾਣੀ ਦੇਂਦਿਆਂ ਵੇਖ ਕੇ ਸਭ ਬਹੁਤ ਹੈਰਾਨ ਹੋਏ। ਉਹਨਾਂ ਵਿਚੋਂ ਇੱਕ ਨੇ ਹੌਸਲਾ ਕਰਕੇ ਗੁਰੂ ਨਾਨਕ ਦੇਵ ਜੀ ਨੂੰ ਕਿਹਾ, "ਭਾਈ ਤੂੰ ਹਿੰਦੂ ਹੈ ਕਿ ਮੁਸਲਮਾਨ ? ਤੂੰ ਨਹੀਂ ਜਾਣਦਾ ਕਿ ਪਾਣੀ ਪੂਰਬ ਵੱਲ ਸੁੱਟਣਾ ਚਾਹੀਦਾ ਹੈ" ? ਗੁਰੂ ਨਾਨਕ ਦੇਵ ਜੀ ਨੇ ਪੁੱਛਿਆ ਭਾਈ, "ਤੂੰ ਪਾਣੀ ਪੂਰਬ ਵੱਲ ਕਿਉਂ ਸੁੱਟ ਰਿਹਾ ਹੈ" ? ਉਸ ਨੇ ਉੱਤਰ ਦਿੱਤਾ,"ਸਾਡੇ ਪਿਤਰ ਪਰਮਾਤਮਾ ਦੇ ਘਰ ਰਹਿੰਦੇ ਹਨ ਜੋ ਕਿ ਪੂਰਬ ਵੱਲ ਹੈ। ਉਹ ਪਿਆਸੇ ਹਨ। ਅਸੀਂ ਉਹਨਾਂ ਨੂੰ ਪਾਣੀ ਦੇ ਰਹੇ ਹਾਂ।"

ਗੁਰੂ ਨਾਨਕ ਦੇਵ ਜੀ ਨੇ ਪੁੱਛਿਆ, "ਤੁਹਾਡੇ ਪਿਤਰ ਹਰਿਦੁਆਰ ਤੋਂ ਕਿੰਨੀ ਕੁ ਦੂਰ ਰਹਿੰਦੇ ਹਨ" ? ਉਸ ਨੇ ਉੱਤਰ ਦਿੱਤਾ, "ਉਹ ਸੂਰਜ ਤੋਂ ਵੀ ਕਈ ਹਜ਼ਾਰਾਂ ਮੀਲ ਦੂਰ ਰਹਿੰਦੇ ਹਨ" । ਗੁਰੂ ਨਾਨਕ ਦੇਵ ਜੀ ਨੇ ਪੁੱਛਿਆ, "ਤੁਹਾਡੇ ਦੁਆਰਾ ਸੁੱਟਿਆ ਪਾਣੀ ਉਹਨਾਂ ਕੋਲ ਪਹੁੰਚ ਰਿਹਾ ਹੈ" । ਉਸ ਨੇ ਗੁਰੂ ਜੀ ਨੂੰ ਉੱਤਰ ਦਿੱਤਾ, "ਸਾਨੂੰ ਬ੍ਰਾਹਮਣਾਂ ਨੇ ਦੱਸਿਆ ਹੈ ਕਿ ਸਾਡੇ ਦੁਆਰਾ ਸੁੱਟਿਆ ਪਾਣੀ ਉਹਨਾਂ ਕੋਲ ਪਹੁੰਚ ਜਾਵੇਗਾ। ਉਹਨਾਂ ਦੀ ਪਿਆਸ ਇਸ ਪਾਣੀ ਨਾਲ ਮਿਟ ਜਾਵੇਗੀ ਪਰ ਜੇਕਰ ਅਸੀਂ ਉਹਨਾਂ ਨੂੰ ਪਾਣੀ ਨਾ ਦਿੱਤਾ ਤਾਂ ਉਹ ਪਿਆਸੇ ਹੀ ਰਹਿਣਗੇ।"

ਉਸ ਦੀ ਇਹ ਗੱਲ ਸੁਣਨ ਤੋਂ ਬਾਅਦ ਵੀ ਗੁਰੂ ਜੀ ਪਹਿਲਾਂ ਦੀ ਤਰ੍ਹਾਂ ਪਾਣੀ ਨੂੰ ਪੱਛਮ ਵੱਲ ਸੁੱਟਦੇ ਰਹੇ। ਉਸ ਆਦਮੀ ਨੇ ਗੁਰੂ ਨਾਨਕ ਦੇਵ ਜੀ ਤੋਂ ਫਿਰ ਪੁੱਛਿਆ "ਤੂੰ ਪਾਣੀ ਪੱਛਮ ਵੱਲ ਕਿਉਂ ਸੁੱਟ ਰਿਹਾ ਹੈ ? ਜਦਕਿ ਪਿਤਰ ਤਾਂ ਪੂਰਬ ਵੱਲ ਰਹਿੰਦੇ ਹਨ" । ਗੁਰੂ ਨਾਨਕ ਦੇਵ ਜੀ ਨੇ ਉੱਤਰ ਦਿੱਤਾ, "ਮੇਰੇ ਖੇਤ ਪੰਜਾਬ ਵਿੱਚ ਹਨ ਜੋ ਮੀਂਹ ਨਾ ਪੈਣ ਕਰਕੇ ਸੁੱਕ ਗਏ ਹਨ ਮੈਂ ਉਹਨਾਂ ਨੂੰ ਪਾਣੀ ਦੇ ਰਿਹਾ ਹਾਂ।"

ਉਸ ਆਦਮੀ ਨੇ ਕਿਹਾ, "ਕਿ ਤੁਹਾਡੇ ਦੁਆਰਾ ਸੁੱਟਿਆ ਹੋਇਆ ਪਾਣੀ ਪੰਜਾਬ ਕਿਵੇਂ ਪਹੁੰਚ ਸਕਦਾ ਹੈ ?" ਗੁਰੂ ਨਾਨਕ ਦੇਵ ਜੀ ਨੇ ਉੱਤਰ ਦਿੱਤਾ, "ਜੇਕਰ ਤੁਹਾਡੇ ਦੁਆਰਾ ਸੁੱਟਿਆ ਹੋਇਆ ਪਾਣੀ ਤੁਹਾਡੇ ਪਿਤਰਾਂ ਕੋਲ ਲੱਖਾਂ ਮੀਲ ਦੂਰ ਪਹੁੰਚ ਸਕਦਾ ਹੈ ਤਾਂ ਮੇਰੇ ਦੁਆਰਾ ਸੁੱਟਿਆ ਹੋਇਆ ਪਾਣੀ ਦੋ ਸੌ ਮੀਲ ਦੂਰ ਤੱਕ ਕਿਉਂ ਨਹੀਂ ਪਹੁੰਚ ਸਕੇਗਾ ?" ਉਹਨਾਂ ਵਿਚੋਂ ਕੁਝ ਕੁ ਸਮਝ ਗਏ ਕਿ ਗੁਰੂ ਨਾਨਕ ਦੇਵ ਜੀ ਕੀ ਕਹਿ ਰਹੇ ਹਨ। ਉਹਨਾਂ ਨੇ ਇਹ ਜਾਣ ਲਿਆ ਕਿ ਇਹ ਪਾਣੀ ਸਾਡੇ ਪਿਤਰਾਂ ਕੋਲ ਨਹੀਂ ਪਹੁੰਚ ਸਕਦਾ। ਉਹਨਾਂ ਨੇ ਪਾਣੀ ਨੂੰ ਪੂਰਬ ਵੱਲ ਸੁੱਟਣਾ ਬੰਦ ਕਰ ਦਿੱਤਾ।

ਚੜ੍ਹਦੇ ਸੂਰਜ ਵੱਲ ਪਾਣੀ ਨੂੰ ਸੁੱਟਣਾ ਜੋ ਰਸਮ ਸ਼ਾਇਦ ਚੰਗੇ ਕਾਰਨਾਂ ਕਰਕੇ ਸ਼ੁਰੂ ਕੀਤੀ ਗਈ ਸੀ ਕਿਉਂਕਿ ਜਿਹੜਾ ਵੀ ਸਵੇਰੇ ਜਲਦੀ ਉੱਠੇਗਾ ਉਹ ਆਲਸੀ ਨਹੀਂ ਹੋਵੇਗਾ। ਜਿਹੜੇ ਲੋਕ ਉੱਦਮੀ ਹੁੰਦੇ ਹਨ ਉਹ ਬੀਮਾਰ ਅਤੇ ਗਰੀਬ ਵੀ ਘੱਟ ਹੁੰਦੇ ਹਨ ਪਰ ਲਾਲਚੀ ਬ੍ਰਾਹਮਣ ਇਸ ਰੀਤ ਦੁਆਰਾ ਦੂਜੀਆਂ ਜਾਤਾਂ ਨੂੰ ਆਪਣੇ ਕਾਬੂ ਵਿੱਚ ਰੱਖਣ ਲਈ ਵਰਤਦੇ ਸਨ।

ਇਕ ਮਨੁੱਖ ਕਰਮ ਕਾਂਡਾਂ ਦੇ ਵਿੱਚ ਹਮੇਸ਼ਾ ਹੀ ਖੁਆਰ ਹੁੰਦਾ ਰਹਿੰਦਾ ਹੈ । ਚਾਹੀਦਾ ਤਾਂ ਇਹ ਹੈ ਕਿ ਮਨੁੱਖ ਆਪਣਾ ਜੀਵਨ ਪ੍ਰਮਾਤਮਾ ਦੀ ਭਗਤੀ ਕਰਕੇ ਸਫਲਾ ਕਰੇ ਤੇ ਫੋਕਟ ਰਸਮਾਂ ਅਤੇ ਕਰਮ ਕਾਂਡਾਂ ਦਾ ਤਿਆਗ ਕਰੇ ।

******************

# 12. ਤਿੰਨ ਸਿੱਖਿਆਵਾਂ

ਗੁਰੂ ਨਾਨਕ ਦੇਵ ਜੀ ਅਸਾਮ ਦੀ ਯਾਤਰਾ ਦੌਰਾਨ ਇੱਕ ਦਿਨ ਢਾਕੇ ਦੇ ਇੱਕ ਪਿੰਡ ਪਹੁੰਚੇ। ਉਥੇ ਇੱਕ ਭੂਮੀਆ ਨਾਮ ਦਾ ਜਾਣਿਆ-ਪਛਾਣਿਆ ਅਮੀਰ ਰਹਿੰਦਾ ਸੀ। ਉਹ ਦਿਨ ਸਮੇਂ ਯਾਤਰੀਆਂ ਨੂੰ ਅਤੇ ਰਾਤ ਸਮੇਂ ਲੋਕਾਂ ਦੇ ਘਰ ਲੁੱਟਦਾ ਸੀ। ਉਹ ਯਾਤਰੀਆਂ ਨੂੰ ਰਹਿਣ ਲਈ ਮੁਫ਼ਤ ਰਿਹਾਇਸ਼ ਤੇ ਖਾਣਾ ਦਿੰਦਾ ਸੀ। ਭੂਮੀਆ ਆਪਣੇ ਪਿੰਡ ਦੇ ਹਰੇਕ ਵਿਅਕਤੀ ਨੂੰ ਕਹਿੰਦਾ ਸੀ ਕਿ ਸਾਰੇ ਯਾਤਰੀਆਂ ਨੂੰ ਮੇਰੇ ਕੋਲ ਭੇਜੋ ਅਤੇ ਜੋ ਵੀ ਉਸ ਦੀ ਗੱਲ ਨਹੀਂ ਮੰਨਦਾ ਸੀ, ਉਸ ਨੂੰ ਨੁਕਸਾਨ ਪਹੁੰਚਾਉਣ ਦੀ ਧਮਕੀ ਦਿੰਦਾ। ਭੂਮੀਆ ਦਾ ਹੁਕਮ ਮੰਨ ਕੇ ਪਿੰਡ ਵਾਸੀਆਂ ਨੇ ਗੁਰੂ ਨਾਨਕ ਦੇਵ ਜੀ ਨੂੰ ਵੀ ਉਸ ਦੇ ਘਰ ਭੇਜ ਦਿੱਤਾ। ਭੂਮੀਏ ਨੇ ਭੋਜਨ ਤਿਆਰ ਕੀਤਾ ਅਤੇ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ ਨੂੰ ਪਰੋਸ ਦਿੱਤਾ। ਭੋਜਨ ਛੱਕਣ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਭੂਮੀਏ ਤੋਂ ਪੁੱਛਿਆ, "ਹੇ ਭਾਈ ! ਤੂੰ ਆਪਣੇ ਜੀਵਨ ਦਾ ਗੁਜ਼ਰਾਨ ਕਿਵੇਂ ਕਰਦਾ ਹੈ ?" ਭੂਮੀਏ ਅਨੁਸਾਰ, ਦਾਨ ਕਰਨਾ ਦਿਆਲਤਾ ਦਾ ਕੰਮ ਹੈ ਭਾਵੇਂ ਪੈਸਾ ਚੋਰੀ ਦਾ ਹੋਵੇ ਜਾਂ ਹੋਰਾਂ ਤੋਂ ਲੁੱਟਿਆ ਹੋਵੇ। ਭੂਮੀਆ ਸੋਚਦਾ ਸੀ ਕਿ ਇਹ ਮਨੁੱਖਤਾ ਦੀ ਸੇਵਾ ਹੈ। ਉਹ ਵਿਸ਼ਵਾਸ਼ ਰੱਖਦਾ ਸੀ ਕਿ ਚੋਰੀ ਕੀਤਾ ਹੋਇਆ ਧਨ ਹੋਰਾਂ ਦੀਆਂ ਦੁਆਵਾਂ ਨਾਲ ਜਾਇਜ਼ ਬਣ ਜਾਂਦਾ ਹੈ। ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਸੱਚੋ-ਸੱਚ ਦੱਸਿਆ ਕਿ ਉਹ ਕੀ ਕੰਮ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਕਿਹਾ,"ਅਸੀਂ ਤੇਰਾ ਭੋਜਨ ਨਹੀਂ ਛਕ ਸਕਦੇ ਜਿੰਨੀ ਦੇਰ ਤੂੰ ਇਹ ਵਾਅਦਾ ਨਹੀਂ ਕਰਦਾ ਕਿ ਤੂੰ ਇਹ ਬੁਰਾ ਕੰਮ ਛੱਡ ਦੇਵੇਂਗਾ। ਭੂਮੀਏ ਨੇ ਕਿਹਾ," ਚੋਰੀ ਕਰਨਾ ਮੇਰਾ ਪਿਤਾ ਪੁਰਖੀ ਕਿੱਤਾ ਹੈ। ਮੈਂ ਇਸ ਨੂੰ ਨਹੀਂ ਛੱਡ ਸਕਦਾ।" ਗੁਰੂ ਨਾਨਕ ਦੇਵ ਜੀ ਨੇ ਕਿਹਾ,"ਜੇ ਤੂੰ ਚੋਰੀ ਨਹੀਂ ਛੱਡਣਾ ਚਾਹੁੰਦਾ ਤਾਂ ਤੇਰੀ ਇੱਛਾ ਪਰ ਤੂੰ ਸਾਡੇ ਤਿੰਨ ਬਚਨ ਜ਼ਰੂਰ ਮੰਨ :

**1. ਗਰੀਬਾਂ ਨੂੰ ਕਦੇ ਨਾ ਲੁੱਟੀ। 2. ਹਮੇਸ਼ਾ ਸੱਚ ਬੋਲੀ। 3. ਜਿਸ ਦਾ ਤੂੰ ਲੂਣ ਖਾਧਾ ਹੋਵੇ, ਉਸ ਦੀ ਕਦੀ ਚੋਰੀ ਨਾ ਕਰੀਂ।**

ਭੂਮੀਏ ਦੁਆਰਾ ਇਹ ਤਿੰਨ ਸ਼ਰਤਾਂ ਮੰਨਣ 'ਤੇ ਗੁਰੂ ਨਾਨਕ ਦੇਵ ਜੀ ਨੇ ਭੋਜਨ ਛਕ ਲਿਆ। ਜਿਵੇਂ ਭੂਮੀਏ ਨੇ ਵਾਅਦਾ ਕੀਤਾ, ਉਸ ਨੇ ਗਰੀਬਾਂ ਨੂੰ ਲੁੱਟਣਾ ਛੱਡ ਦਿੱਤਾ। ਕੁਝ ਸਮੇਂ ਬਾਅਦ, ਉਸ ਨੂੰ ਚੋਰੀ ਕਰਨ ਦੀ ਇੱਛਾ ਹੋਈ। ਇੱਕ ਰਾਤ ਭੂਮੀਆ, ਰਾਜੇ ਵਾਂਗ ਤਿਆਰ ਹੋਇਆ, ਘੋੜੇ 'ਤੇ ਸਵਾਰ ਹੋ ਕੇ ਰਾਜੇ ਦੇ ਮਹਿਲ ਵਿੱਚ ਚੋਰੀ ਕਰਨ ਪਹੁੰਚ ਗਿਆ। ਪਹਿਰੇਦਾਰ ਨੇ ਪੁੱਛਿਆ,"ਤੁਸੀਂ ਕੌਣ ਹੋ ?" ਭੂਮੀਏ ਨੇ ਸੱਚ ਬੋਲਿਆ," ਮੈਂ ਇੱਕ ਚੋਰ ਹਾਂ।" ਪਹਿਰੇਦਾਰ ਨੇ ਇਸ ਨੂੰ ਇੱਕ ਮਜ਼ਾਕ ਸਮਝਿਆ ਅਤੇ ਅਗੇ ਜਾਣ ਦਿੱਤਾ। ਭੂਮੀਆ ਮਹਿਲ ਦੇ ਅੰਦਰ ਗਿਆ ਅਤੇ ਕੀਮਤੀ ਚੀਜ਼ਾਂ ਇਕੱਠੀਆਂ ਕਰ ਲਈਆਂ। ਜਦ ਜਾਣ ਲਈ ਤਿਆਰ ਹੋਇਆ ਤਾਂ ਉਸ ਨੂੰ ਭੁੱਖ ਲੱਗੀ। ਉਸ ਨੇ ਇੱਕ ਸੋਨੇ ਦੀ ਪਲੇਟ ਵਿੱਚ **ਖਾਣਾਂ ਦੇਖਿਆ**। ਜਿਵੇਂ ਹੀ ਉਸ ਨੇ ਮੂੰਹ ਵਿੱਚ ਪਾਈ ਤਾਂ ਉਸ ਨੂੰ ਨਮਕ ਦਾ ਸੁਆਦ ਆਇਆ। ਉਸ ਨੇ ਸਾਰੀਆਂ ਕੀਮਤੀ ਚੀਜ਼ਾਂ ਉਥੇ ਹੀ ਛੱਡ ਦਿੱਤੀਆਂ ਅਤੇ ਘਰ ਵਾਪਸ ਚਲਾ ਗਿਆ। ਅਗਲੇ ਦਿਨ, ਰਾਜੇ ਨੇ ਇਹ ਮਹਿਸੂਸ ਕੀਤਾ ਕਿ ਕਿਸੇ ਨੇ ਉਸ ਦੇ ਮਹਿਲ ਵਿੱਚ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਸ ਨੇ ਮਾਸੂਮ ਲੋਕਾਂ ਤੋਂ ਕੁੱਟ-ਮਾਰ ਕਰਕੇ ਪੁੱਛ-ਗਿੱਛ ਕਰਵਾਉਣੀ ਸ਼ੁਰੂ ਕੀਤੀ। ਜਦ ਭੂਮੀਏ ਨੇ ਗਰੀਬਾਂ ਦੀ ਕੁੱਟ ਮਾਰ ਹੁੰਦੀ ਦੇਖੀ ਤਾਂ ਆਪਣੇ ਆਪ ਨੂੰ ਰਾਜੇ ਸਾਹਮਣੇ ਪੇਸ਼ ਕੀਤਾ ਅਤੇ ਕਿਹਾ,"ਮੈਂ ਹਾਂ ਉਹ, ਜਿਸ ਨੇ ਤੁਹਾਡੇ ਮਹਿਲ ਵਿੱਚ ਚੋਰੀ ਕਰਨ ਦੀ ਕੋਸ਼ਿਸ਼ ਕੀਤੀ। ਕ੍ਰਿਪਾ ਕਰਕੇ ਮੈਨੂੰ ਸਜ਼ਾ ਦਿਉ ਅਤੇ ਗਰੀਬਾਂ ਨੂੰ ਛੱਡ ਦਿਉ"। ਰਾਜਾ ਹੈਰਾਨ ਹੋ ਗਿਆ, ਉਸ ਨੇ ਪੁੱਛਿਆ,"ਤੂੰ ਚੋਰੀ ਕਰਕੇ ਕੁਝ ਵੀ ਲੈ ਕੇ ਕਿਉਂ ਨਹੀਂ ਗਿਆ ?"

ਭੂਮੀਏ ਨੇ ਰਾਜੇ ਨੂੰ ਗੁਰੂ ਨਾਨਕ ਦੇਵ ਜੀ ਨਾਲ ਕੀਤੇ ਤਿੰਨ ਵਾਅਦਿਆਂ ਦਾ ਜ਼ਿਕਰ ਕੀਤਾ। ਰਾਜੇ ਨੇ ਕਿਹਾ, "ਮੈਂ ਬਹੁਤ ਖੁਸ਼ ਹਾਂ ਕਿ ਤੂੰ ਸੱਚ ਬੋਲਿਆ । ਮੈਂ ਤੇਰਾ ਜੁਰਮ ਮੁਆਫ ਕਰਦਾ ਹਾਂ ਅਤੇ ਤੇਰੇ ਵਰਗੇ ਸੱਚੇ-ਸੁੱਚੇ ਇਨਸਾਨ ਨੂੰ ਮੈਂ ਆਪਣਾ ਮੰਤਰੀ ਨਿਯੁਕਤ ਕਰਨਾ ਪਸੰਦ ਕਰਾਂਗਾਂ ।" ਹਰ ਮਨੁੱਖ ਨੂੰ ਸੱਚ ਬੋਲਣਾ ਚਾਹੀਦਾ ਹੈ ਅਤੇ ਅਮਨ ਸ਼ਾਂਤੀ ਨਾਲ ਰਹਿਣਾ ਚਾਹੀਦਾ ਹੈ। ਸੱਚੇ ਮਾਰਗ ਤੇ ਚੱਲਣ ਵਾਲੇ ਇਨਸਾਨ ਨੂੰ ਹਮੇਸ਼ਾ ਵਡਿਆਈ ਤੇ ਇੱਜ਼ਤ ਹੀ ਮਿਲਦੀ ਹੈ। ਇਸ ਲਈ ਹਰ ਇੱਕ ਨੂੰ ਸੱਚ ਬੋਲਣਾ ਚਾਹੀਦਾ ਹੈ ਅਤੇ ਸੱਚੀ ਕਿਰਤ ਕਰਨੀ ਚਾਹੀਦੀ ਹੈ।

ਮਿਹਨਤ ਨਾਲ ਕਮਾਏ ਪੈਸੇ ਦਾ ਹੀ ਦਾਨ ਲੱਗਦਾ ਹੈ । ਹਮੇਸ਼ਾ ਹੱਕ-ਸੱਚ ਦੇ ਰਾਹ 'ਤੇ ਤੁਰਦਿਆਂ ਸੱਚੀ ਕਿਰਤ ਕਰਨੀ ਚਾਹੀਦੀ ਹੈ ਜਿਸ ਨਾਲ ਕਿ ਮਨੁੱਖ ਨੂੰ ਸਮਾਜ ਵਿੱਚ ਵਡਿਆਈ ਮਿਲਦੀ ਹੈ ਤੇ ਉਹ ਰੱਬ ਦੀ ਦਰਗਾਹ ਵਿੱਚ ਵੀ ਪ੍ਰਵਾਨ ਹੋ ਜਾਂਦਾ ਹੈ । ******

# 13. ਸੁੱਚਾ ਜੀਵਨ

ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨੇ ਨੇ ਪਾਕਪਟਨ ਛੱਡ ਦਿੱਤਾ ਅਤੇ ਮੁਲਤਾਨ ਦੇ ਸ਼ਹਿਰ ਤੁਲਾਂਬਾ (ਪਾਕਿਸਤਾਨ) ਪਹੁੰਚ ਗਏ। ਸੜਕ ਦੇ ਇੱਕ ਪਾਸੇ ਉਹਨਾਂ ਨੇ ਬਹੁਤ ਵੱਡੀ ਅਤੇ ਸੋਹਣੀ ਇਮਾਰਤ ਵੇਖੀ। ਸੱਜਣ, ਜਿਸ ਦਾ ਅਸਲੀ ਨਾਮ ਸ਼ੇਖ ਸੀ, ਉਸ ਨੇ ਯਾਤਰੀਆਂ ਦੇ ਅਰਾਮ ਲਈ ਇਹ ਸਰ੍ਹਾਂ ਬਣਾਈ ਹੋਈ ਸੀ। ਇਥੇ ਹਰ ਮੁਸਾਫ਼ਿਰ ਨੂੰ ਮੁਫ਼ਤ ਭੋਜਨ ਅਤੇ ਰਿਹਾਇਸ਼ ਦਿੱਤੀ ਜਾਂਦੀ ਸੀ। ਹਿੰਦੂ ਅਤੇ ਮੁਸਲਮਾਨ ਦੋਵਾਂ ਨੂੰ ਇਹ ਸਹੂਲਤ ਪ੍ਰਦਾਨ ਕੀਤੀ ਜਾਂਦੀ ਸੀ। ਸ਼ੇਖ ਨੇ ਇੱਕ ਪਾਸੇ ਹਿੰਦੂ ਲਈ ਮੰਦਿਰ ਅਤੇ ਦੂਜੇ ਪਾਸੇ ਮਸਜਿਦ ਵੀ ਬਣਾਈ ਹੋਈ ਸੀ।

ਸ਼ੇਖ ਦਿਨ ਦੇ ਦੌਰਾਨ ਇੱਕ ਸੰਤ ਦੇ ਵਾਂਗ ਕਪੜੇ ਪਾਉਂਦਾ ਸੀ ਅਤੇ ਆਪਣੀ ਮਾਲਾ ਨਾਲ ਰੱਬ ਦੇ ਨਾਮ ਦਾ ਜਾਪ ਕਰਦਾ ਰਹਿੰਦਾ ਸੀ। ਹਰ ਕੋਈ ਉਸ ਨੂੰ ਸੱਜਣ (ਸ਼ੁਭ ਗੁਣਾਂ ਵਾਲਾ ਅਤੇ ਮਿੱਤਰ) ਕਹਿ ਕੇ ਬੁਲਾਉਂਦਾ ਸੀ। ਸੱਜਣ ਕੋਲ ਬਹੁਤ ਸਾਰੀ ਜ਼ਮੀਨ ਸੀ ਜਿਸ ਨੂੰ ਮਜ਼ਦੂਰਾਂ ਦੁਆਰਾ ਵਾਹਿਆ ਜਾਂਦਾ ਸੀ। ਜਦੋਂ ਕਿ ਉਸ ਦੀ ਆਮਦਨ ਲੁੱਟਾਂ-ਖੋਹਾਂ ਤੇ ਬੁਰੇ ਕੰਮਾਂ ਦੁਆਰਾ ਕਮਾਈ ਹੋਈ ਸੀ। ਉਹ ਰਾਤ ਦੇ ਦੌਰਾਨ ਯਾਤਰੀਆਂ ਨੂੰ ਮਾਰ ਦਿੰਦਾ ਤੇ ਉਹਨਾਂ ਨੂੰ ਇੱਕ ਖੂਹ ਦੇ ਵਿੱਚ ਸੁੱਟਕੇ ਉਹਨਾਂ ਦੇ ਸਮਾਨ ਨੂੰ ਆਪਣੇ ਕੋਲ ਰੱਖ ਲੈਂਦਾ।

ਸੱਜਣ ਨੂੰ ਜਾਪਿਆ ਕਿ ਗੁਰੂ ਨਾਨਕ ਦੇਵ ਜੀ ਇੱਕ ਅਮੀਰ ਆਦਮੀ ਹਨ। ਉਸ ਨੇ ਗੁਰੂ ਜੀ ਅਤੇ ਭਾਈ ਮਰਦਾਨਾ ਜੀ ਨੂੰ ਭੋਜਨ ਦਿੱਤਾ ਤਾਂ ਜੋ ਉਹਨਾਂ ਨੂੰ ਸੱਜਣ ’ਤੇ ਵਿਸ਼ਵਾਸ਼ ਹੋ ਜਾਵੇ। ਗੁਰੂ ਨਾਨਕ ਦੇਵ ਜੀ ਨੇ ਭਾਂਪ ਲਿਆ ਕਿ ਉਸ ਦੇ ਦਿਮਾਗ ਵਿੱਚ ਬੁਰਾ ਵਿਚਾਰ ਚੱਲ ਰਿਹਾ ਹੈ। ਰਾਤ ਦੇ ਖਾਣੇ ਤੋਂ ਬਾਅਦ ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਬੇਨਤੀ ਕੀਤੀ, “ਹੇ ਸਾਧੂ ਜਨ ! ਅੰਦਰ ਆ ਕੇ ਆਰਾਮ ਕਰ ਲਵੋ, ਰਾਤ ਬਹੁਤ ਹੋ ਚੁੱਕੀ ਹੈ ।” ਗੁਰੂ ਨਾਨਕ ਦੇਵ ਜੀ ਨੇ ਆਖਿਆ, “ਸੱਜਣ ਜੀ ! ਅਸੀਂ ਸੌਣ ਤੋਂ ਪਹਿਲਾਂ ਪ੍ਰਭੂ ਦੀ ਉਸਤਤ ਵਿੱਚ ਇੱਕ ਸ਼ਬਦ ਗਾਇਨ ਕਰਾਂਗੇ ।” ਗੁਰੂ ਨਾਨਕ ਦੇਵ ਜੀ ਨੇ ਸ਼ਬਦ ਗਾਉਣਾ ਸ਼ੁਰੂ ਕੀਤਾ :

ਉਜਲ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, 729)

(ਜੇਕਰ ਕੈਂਹ ਦੇ ਉਜਲੇ ਸਾਫ਼ ਤੇ ਲਿਸ਼ਕਵਾਂ ਭਾਂਡੇ ਨੂੰ ਘਸਾਇਆ ਜਾਵੇ ਤਾਂ ਉਸ ਵਿਚੋਂ ਮਾੜੀ ਮਾੜੀ ਕਾਲੀ ਸਿਆਹੀ ਲੱਗੀ ਰਹਿ ਜਾਂਦੀ ਹੈ। ਜੇ ਮੈਂ ਸੌ ਵਾਰੀ ਵੀ ਉਸ ਕੈਂਹ ਦੇ ਭਾਂਡੇ ਨੂੰ ਧੋਵਾਂ ਤਾਂ ਵੀ ਉਸ ਦੀ ਅੰਦਰਲੀ ਕਾਲਖ ਦੀ ਜੂਠ ਦੂਰ ਨਹੀਂ ਹੁੰਦੀ।)

ਸੱਜਣ ਨੇ ਜਦੋਂ ਪੂਰੀ ਤਰ੍ਹਾਂ ਸ਼ਬਦ ਸੁਣਿਆ। ਉਹ ਇਸ ਦਾ ਭਾਵ ਸਮਝ ਗਿਆ ਅਤੇ ਉਸ ਨੂੰ ਸ਼ੱਕ ਹੋਇਆ ਕਿ ਗੁਰੂ ਨਾਨਕ ਦੇਵ ਜੀ ਨੇ ਉਸ ਦੇ ਮਾੜੇ ਕਰਮਾਂ ਨੂੰ ਜਾਣ ਲਿਆ ਹੈ। “ਕੈਂਹ ਤੋਂ ਬਣਾਇਆ ਗਿਆ ਭਾਂਡਾ ਬਾਹਰੋਂ ਚਮਕਦਾ ਹੈ ਪਰ ਜਦੋਂ ਇਸ ਨੂੰ ਮਲਿਆ ਜਾਂਦਾ ਹੈ ਤਾਂ ਇਹ ਉਂਗਲਾਂ ਨੂੰ ਕਾਲਾ ਕਰ ਦਿੰਦਾ ਹੈ। ਭਾਵੇਂ ਇਸ ਨੂੰ ਧੋਤਾ ਜਾਵੇ, ਤਾਂ ਵੀ ਕੈਂਹ ਦਾ ਕਾਲਾਪਨ ਨਹੀਂ ਜਾਂਦਾ। ਤਾਂ ਖਾਲੀ ਘਰ ਨੂੰ ਬਾਹਰੋਂ ਜਿਤਨਾ ਮਰਜ਼ੀ ਸਜਾ ਲਵੋ ਪਰ ਜਦੋਂ ਉਸ ਨੂੰ ਢਾਹਿਆ ਜਾਵੇਗਾ ਤਾਂ ਉਹ ਅੰਦਰੋਂ ਖਾਲੀ ਹੀ ਹੋਵੇਗਾ। ਮਨੁੱਖੀ ਸਰੀਰ ਘਰ ਦੀ ਤਰ੍ਹਾਂ ਹੀ ਹੈ। ਜਿਨ੍ਹਾਂ ਸਰੀਰਾਂ ਦੇ ਅੰਦਰ ਕੋਈ ਗੁਣ ਨਹੀਂ ਹੁੰਦਾ ਉਹਨਾਂ ਦਾ ਕੋਈ ਲਾਭ ਨਹੀਂ ਹੁੰਦਾ। ਸਫੈਦ ਢੱਕੇ ਹੋਏ ਸੱਜਣ ਪੁਰਸ਼, ਜੋ ਉਹਨਾਂ ਨੂੰ ਲੁੱਟਦੇ ਹਨ ਜੋ ਉਹਨਾਂ ’ਤੇ ਵਿਸ਼ਵਾਸ਼ ਅਤੇ ਭਰੋਸਾ ਕਰਦੇ ਹਨ ਉਹ ਉਹਨਾਂ ਚਿੱਟੇ ਬਗਲਿਆਂ ਵਾਂਗੂੰ ਹਨ ਜੋ ਤੀਰਥਾਂ ਤੇ ਡੱਡੂ ਖਾ ਲੈਂਦੇ ਹਨ। ਆਮ ਜੀਵਾਂ ਦਾ ਗਲਾ ਘੋਟ ਕੇ ਖਾ ਜਾਣ ਵਾਲਿਆਂ ਨੂੰ ਸੱਜਣ ਜਾਂ ਭਗਤ ਨਹੀਂ ਕਿਹਾ ਜਾ ਸਕਦਾ। ਇੱਕ ਆਦਮੀ ਦੀ ਸਿਆਣਪ, ਬੁੱਧੀ ਅਤੇ ਸੇਵਾ ਬੇਕਾਰ ਹੁੰਦੀ ਹੈ, ਜਦੋਂ ਤੱਕ ਉਹ ਬੁਰੇ ਕੰਮ ਨਹੀਂ ਛੱਡਦਾ। ਨੇਕ ਬਣਨ ਲਈ, ਪਰਮਾਤਮਾ ਦੀ ਮਿਹਰ ਜ਼ਰੂਰੀ ਹੁੰਦੀ ਹੈ ।”

ਜਦੋਂ ਸ਼ਬਦ ਦਾ ਗਾਇਨ ਹੋਇਆ, ਤਾਂ ਸੱਜਣ ਗੁਰੂ ਨਾਨਕ ਦੇਵ ਜੀ ਦੇ ਪੈਰਾਂ ’ਤੇ ਡਿੱਗ ਪਿਆ ਤੇ ਮੁਆਫੀ ਮੰਗਣ ਲੱਗਾ। ਗੁਰੂ ਜੀ ਦੇ ਦੱਸੇ ਅਨੁਸਾਰ ਉਹ ਸਮਝ ਗਿਆ ਕਿ ਬਾਹਰੋਂ ਸੱਜਣ ਪੁਰਸ਼ ਦਾ ਭੇਖ ਬਣਾ ਕੇ ਮੈਂ ਧਾਰਮਿਕ ਨਹੀਂ ਹੋ ਸਕਦਾ ਸਗੋਂ ਮਾੜੇ ਕਰਮ ਛੱਡ ਕੇ ਆਪਣੇ ਅੰਦਰ ਸਦਗੁਣ ਧਾਰਨ ਕਰਕੇ ਹੀ ਧਰਮੀ ਤੇ ਸੱਜਣ ਬਣ ਸਕਦਾ ਹਾਂ। ***ਪੁਰਸ਼ ਨੂੰ ਆਪਣੇ ਅੰਦਰ ਸਦਗੁਣ ਧਾਰਨ ਕਰਨੇ ਅਤੇ ਕਰਨੀ ਤੇ ਕਥਨੀ ਵਿੱਚ ਇਕਸਾਰਤਾ ਰੱਖਣੀ ਚਾਹੀਦੀ ਹੈ ਕਿਉਂਕਿ ਜਦੋਂ ਤੱਕ ਮਨੁੱਖ ਬੁਰੇ ਕੰਮ ਨਹੀਂ ਛੱਡਦਾ ਉਦੋਂ ਤੱਕ ਉਹ ਧਾਰਮਿਕ ਨਹੀਂ ਕਿਹਾ ਜਾ ਸਕਦਾ ਤੇ ਉਹ ਕੈਂਹ ਦੇ ਬਰਤਨ ਵਾਂਗ ਮਲੀਨ ਹੀ ਰਹਿੰਦਾ ਹੈ ।***

# 14. ਮੂਰਤੀ ਪੂਜਾ

ਗੁਰੂ ਨਾਨਕ ਦੇਵ ਜੀ ਸਫ਼ਰ ਕਰਦੇ ਹੋਏ ਪੂਰਨਮਾਸੀ ਦੇ ਦਿਨ ਜਗਨਨਾਥ ਪੁਰੀ (ਉੜੀਸਾ) ਵਿਖੇ ਪਹੁੰਚ ਗਏ। ਇਸ ਸਥਾਨ 'ਤੇ ਇੱਕ ਧਾਰਮਿਕ ਮੇਲਾ ਲੱਗਿਆ ਹੋਇਆ ਸੀ। ਇਸ ਪਵਿੱਤਰ ਜਗ੍ਹਾ 'ਤੇ ਕ੍ਰਿਸ਼ਨ ਜੀ ਦੀ ਇੱਕ ੮੫ ਫੁੱਟ ਉੱਚੀ ਮੂਰਤੀ ਜਿਸ ਨੂੰ 'ਜਗਨ ਨਾਥ' ਕਿਹਾ ਜਾਂਦਾ ਹੈ। ਇਸ ਮੂਰਤੀ ਨੂੰ ਰੱਥ 'ਤੇ ਸਵਾਰ ਕਰਕੇ ਇਸ ਦਾ ਜਲੂਸ ਕੱਢਿਆ ਜਾਂਦਾ ਸੀ। ਬ੍ਰਾਹਮਣਾਂ ਨੇ ਇਹ ਗਲਤ ਧਾਰਨਾ ਫੈਲਾਅ ਦਿੱਤੀ ਸੀ ਕਿ ਜੋ ਕੋਈ ਰੱਥ ਦੇ ਪਹੀਏ ਹੇਠ ਆ ਕੇ ਮਰੇਗਾ, ਉਹ ਮੁਕਤੀ ਪ੍ਰਾਪਤ ਕਰੇਗਾ। ਕਈਆਂ ਨੇ ਆਪਣੇ ਘਰ, ਧਨ-ਦੌਲਤ ਨੂੰ ਛੱਡ ਕੇ ਪਹੀਏ ਦੇ ਅਧੀਨ ਆਪਣੇ ਸਰੀਰ ਦੇ ਦਿੱਤੇ।

ਗੁਰੂ ਨਾਨਕ ਦੇਵ ਜੀ ਨੇ ਮੇਲੇ ਵਿੱਚ ਇੱਕ ਬ੍ਰਾਹਮਣ ਨੂੰ ਦੇਖਿਆ, ਜੋ ਚੌਂਕੜੀ ਮਾਰ ਕੇ ਮਾਲਾ ਫੜ੍ਹ ਕੇ ਮੂਰਤੀ ਸਾਹਮਣੇ ਬੈਠਾ ਸੀ। ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਪੁੱਛਿਆ ਕਿ "ਹੇ ਪੰਡਿਤ ਜੀ ! ਤੁਸੀਂ ਕਿਸ ਦਾ ਸਿਮਰਨ ਕਰ ਰਹੇ ਹੋ ? ਜਦੋਂ ਕਿ ਬੁੱਤ ਤੁਹਾਡੇ ਅਗੇ ਪਿਆ ਹੈ ਪਰ ਤੂੰ ਅੱਖਾਂ ਬੰਦ ਕੀਤੀਆਂ ਹੋਈਆਂ ਹਨ" । ਉਸ ਨੇ ਉੱਤਰ ਦਿੱਤਾ ਕਿ ਜਦੋਂ ਮੈਂ ਅੱਖਾਂ ਬੰਦ ਕਰਦਾ ਹਾਂ ਤਾਂ ਮੈਂ ਤਿੰਨ ਲੋਕਾਂ ਦੇ ਅੰਦਰ ਕੀ ਚਲ ਰਿਹਾ, ਵੇਖ ਸਕਦਾ ਹਾਂ। ਇਹ ਕਹਿ ਕੇ ਉਸ ਨੇ ਫੇਰ ਅੱਖਾਂ ਬੰਦ ਕਰ ਲਈਆਂ। ਗੁਰੂ ਨਾਨਕ ਦੇਵ ਜੀ ਨੇ ਮੂਰਤੀ ਚੁੱਕੀ ਅਤੇ ਉਸ ਦੇ ਪਿਛੇ ਰੱਖ ਦਿੱਤੀ। ਜਦੋਂ ਬ੍ਰਾਹਮਣ ਨੇ ਅੱਖਾਂ ਖੋਲ੍ਹੀਆਂ ਤਾਂ ਉਸ ਨੂੰ ਮੂਰਤੀ ਨਜ਼ਰ ਨਹੀਂ ਆਈ ਤੇ ਉਹ ਗੁੱਸੇ ਵਿੱਚ ਆ ਗਿਆ।

ਗੁਰੂ ਨਾਨਕ ਦੇਵ ਜੀ ਨੇ ਆਖਿਆ, "ਹੇ ਪੰਡਿਤ ਜੀ ! ਨਿਰਾਸ਼ ਹੋਣ ਦੀ ਜ਼ਰਰੂਤ ਨਹੀਂ। ਆਪਣੀਆਂ ਅੱਖਾਂ ਨੂੰ ਬੰਦ ਕਰੋ ਅਤੇ ਵੇਖ ਲਵੋਂ ਤੁਹਾਡੀ ਮੂਰਤੀ ਕਿਥੇ ਹੈ ? ਜਿਵੇਂ ਤੁਸੀਂ ਤਿੰਨ ਲੋਕਾਂ ਨੂੰ ਵੇਖ ਸਕਦੇ ਹੋ ।" ਬ੍ਰਾਹਮਣ ਨੇ ਸੱਚੋ-ਸੱਚ ਆਖਿਆ, " ਮੈਂ ਆਪਣੀ ਰੋਜ਼ੀ ਰੋਟੀ ਇਸ ਮੂਰਤੀ ਦੀ ਮਦਦ ਨਾਲ ਕਮਾਉਂਦਾ ਹਾਂ। ਜਦੋਂ ਮੈਂ ਅੱਖਾਂ ਬੰਦ ਕਰਦਾ ਹਾਂ ਤਾਂ ਮੈਨੂੰ ਕੁਝ ਨਜ਼ਰ ਨਹੀਂ ਆਉਂਦਾ ।" ਗੁਰੂ ਨਾਨਕ ਦੇਵ ਜੀ ਨੇ ਆਖਿਆ, "ਪੰਡਿਤ ਜੀ ! ਇਹ ਨਾ ਸੋਚੋ ਕਿ ਤੁਹਾਨੂੰ ਮੂਰਤੀ ਖਾਣ ਲਈ ਦੇ ਰਹੀ ਹੈ। ਇਹ ਪਰਮਾਤਮਾ ਹੈ ਜੋ ਤੁਹਾਨੂੰ ਸਭ ਕੁਝ ਦੇ ਰਿਹਾ ਹੈ। ਇਹ ਮੂਰਤੀ ਨਾ ਤੈਨੂੰ ਖਾਣ ਨੂੰ ਦੇ ਸਕਦੀ ਅਤੇ ਨਾ ਹੀ ਖੋਹ ਸਕਦੀ ਹੈ। ਇਹ ਰਸਮਾਂ ਤੀਰਥ-ਇਸ਼ਨਾਨ, ਮੂਰਤੀ-ਪੂਜਾ ਕਿਸੇ ਕੰਮ ਨਹੀਂ। ਤੁਸੀਂ ਇੱਕ ਪਰਮਾਤਮਾ ਦਾ ਨਾਮ ਜਪੋ, ਜੋ ਇੱਕ ਸੱਚਾ ਦਾਤਾ ਹੈ ਤੇ ਸਭ ਨੂੰ ਉਹੀ ਦਿੰਦਾ ਹੈ। ਮੂਰਤੀ ਉੱਤੇ ਆਪਣੀ ਝੂਠੀ ਨਿਰਭਰਤਾ ਨੂੰ ਖਤਮ ਕਰੋ" ।ਬ੍ਰਾਹਮਣ ਨੇ ਆਖਿਆ, " ਮੈਂ ਕਿਵੇਂ ਖਾਵਾਂਗਾਂ ਜੇਕਰ ਇਹ ਝੂਠ ਨਹੀਂ ਬੋਲਾਗਾਂ ?" ਗੁਰੂ ਨਾਨਕ ਦੇਵ ਜੀ ਨੇ ਸਮਝਾਇਆ, ਰੱਬ ਸਭ ਨੂੰ ਦਿੰਦਾ ਹੈ। ਉਹ ਤੁਹਾਨੂੰ ਵੀ ਦੇਵੇਗਾ, ਬਸ ਪਰਮਾਤਮਾ 'ਤੇ ਵਿਸ਼ਵਾਸ ਹੋਣਾ ਚਾਹੀਦਾ ਹੈ।

ਬ੍ਰਾਹਮਣ ਨੇ ਗੁਰੂ ਨਾਨਕ ਦੇਵ ਜੀ ਦੀ ਸਲਾਹ ਅਨੁਸਾਰ ਕੰਮ ਕਰਨਾ ਸ਼ੁਰੂ ਕਰ ਦਿੱਤਾ, ਮੂਰਤੀ ਸੁੱਟ ਦਿੱਤੀ ਅਤੇ ਭਗਵਾਨ ਦਾ ਜਸ ਗਾਇਨ ਕਰਨ ਲੱਗਾ। ਉਥੋਂ ਲੰਘਣ ਵਾਲੇ ਸਾਰਿਆਂ ਲੋਕਾਂ ਨੇ ਉਸ ਦੇ ਅਗੇ ਪੈਸੇ ਰੱਖਣੇ ਸ਼ੁਰੂ ਕਰ ਦਿੱਤੇ ਅਤੇ ਉਸ ਬ੍ਰਾਹਮਣ ਦੇ ਸਾਹਮਣੇ ਪਏ ਪੈਸਿਆਂ ਨੂੰ ਵੇਖ ਕੇ ਉਸ ਨੂੰ ਹਰੇਕ ਕੁਝ ਨਾ ਕੁਝ ਜ਼ਰੂਰ ਦਿੰਦਾ। ਬ੍ਰਾਹਮਣ ਨੇ ਮੂਰਤੀ ਤੋਂ ਬਿਨਾਂ ਹੀ ਪ੍ਰਭੂ ਦਾ ਕੀਰਤਨ ਕਰਕੇ ਜੀਵਨ ਬਤੀਤ ਕਰਨਾ ਸ਼ੁਰੂ ਦਿੱਤਾ। ਉਸ ਨੂੰ ਸਮਝ ਲੱਗ ਗਈ ਕਿ ਇਸ ਤਰ੍ਹਾਂ ਦੇ ਝੂਠ-ਪਾਖੰਡ ਦੀ ਕੋਈ ਲੋੜ ਨਹੀਂ। ਪਰਮਾਤਮਾ ਜਿਸ ਨੇ ਸਭ ਨੂੰ ਬਣਾਇਆ ਹੈ ਉਹ ਸਭ ਦਾ ਦਾਤਾ ਹੈ।

ਮਨੁੱਖ ਕਰਮ-ਕਾਂਡਾਂ ਦੇ ਕਾਰਨ ਹੀ ਸਦਾ ਪਰਮਾਤਮਾ ਦੀ ਬਖਸ਼ਸ਼ ਤੋਂ ਵਾਂਝਾ ਤੇ ਚਿੰਤਾਵਾਂ ਵਿੱਚ ਗ੍ਰਸਿਆ ਰਹਿੰਦਾ ਹੈ । ਪ੍ਰਭੂ ਸਭ ਦਾ ਦਾਤਾ ਤੇ ਪਲਨਹਾਰਾ ਹੈ, ਉਸ ਦਾ ਜਸ ਗਾਉਣ ਨਾਲ ਕਿਸੇ ਪ੍ਰਕਾਰ ਦੀ ਘਾਟ ਨਹੀਂ ਰਹਿੰਦੀ ।

******************

# 15. ਦਾਨ - ਪੁੰਨ

ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਸੂਰਜ ਗ੍ਰਹਿਣ ਦੇ ਦਿਨ ਪਵਿੱਤਰ ਮੰਨੇ ਜਾਂਦੇ ਸ਼ਹਿਰ ਕੁਰੂਕਸ਼ੇਤਰ ਪਹੁੰਚੇ। ਬਹੁਤ ਸਾਰੇ ਲੋਕ ਬ੍ਰਹਮ-ਸਰੋਵਰ ਵਿੱਚ ਪਵਿੱਤਰ ਇਸ਼ਨਾਨ ਕਰਨ ਲਈ ਇਕੱਠੇ ਹੋਏ ਸਨ। ਇਹ ਲੋਕ ਸੂਰਜ ਗ੍ਰਹਿਣ ਲੱਗਣ ਦਾ ਇੰਤਜ਼ਾਰ ਕਰ ਰਹੇ ਸਨ। ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ ਵੀ ਖੁੱਲੀ ਜਗ੍ਹਾ ਵਿੱਚ ਜਾ ਬੈਠੇ। ਜਿਵੇਂ ਹੀ ਸੂਰਜ ਗ੍ਰਹਿਣ ਆਰੰਭ ਹੋਇਆ, ਬਹੁਤ ਸਾਰੇ ਭਿਖਾਰੀਆਂ ਨੇ ਦਾਨ ਮੰਗਣਾ ਸ਼ੁਰੂ ਕਰ ਦਿੱਤਾ। ਧਨੀ ਲੋਕ ਸਰੋਵਰ ਵਿੱਚ ਇਸ਼ਨਾਨ ਕਰਕੇ ਦਾਨ ਕਰ ਰਹੇ ਸਨ। ਹਿੰਦੂਆਂ ਦੇ ਪ੍ਰਸਿੱਧ ਵਿਸ਼ਵਾਸ ਅਨੁਸਾਰ ਸੂਰਜ-ਗ੍ਰਹਿਣ ਦੇ ਸਮੇਂ ਇਸ਼ਨਾਨ ਕਰਨ ਤੇ ਦਾਨ-ਪੁੰਨ ਨਾਲ ਸਾਡੇ ’ਤੇ ਪਰਮਾਤਮਾ ਦੀ ਬਖਸ਼ਿਸ਼ ਹੁੰਦੀ ਹੈ ਅਤੇ ਉਸ ਦੇ ਪਾਪ ਧੋਤੇ ਜਾਂਦੇ ਹਨ। ਲੋਕ ਖੁੱਲ੍ਹੇ ਦਿਲ ਨਾਲ ਬ੍ਰਾਹਮਣਾਂ ਨੂੰ ਦਾਨ ਦੇ ਰਹੇ ਸਨ।

ਗੁਰੂ ਨਾਨਕ ਦੇਵ ਜੀ ਇਹ ਸਭ ਕੁਝ ਦਰਸ਼ਕ ਬਣ ਕੇ ਵੇਖ ਰਹੇ ਸਨ ਕਿ ਜਦੋਂ ਹਾਂਸੀ ਦੇ ਰਾਜਕੁਮਾਰ ਜਗਤ ਰਾਏ ਨੇ ਗੁਰੂ ਜੀ ਅੱਗੇ ਇੱਕ ਹਿਰਨ ਰੱਖ ਕੇ ਬੇਨਤੀ ਕੀਤੀ,“ ਹੇ ਸੰਤ ਜੀ ! ਮੇਰੇ ਕੋਲ ਇਸ ਸ਼ੁਭ ਸਮੇਂ ਇਸ ਹਿਰਨ ਤੋਂ ਇਲਾਵਾ ਦੇਣ ਨੂੰ ਕੁਝ ਨਹੀਂ ਹੈ ਜਿਸ ਦਾ ਮੈਂ ਸ਼ਿਕਾਰ ਕੀਤਾ ਹੈ। ਇਸ ਨੂੰ ਕ੍ਰਿਪਾ ਕਰਕੇ ਮੇਰੇ ਕੋਲੋਂ ਸਵੀਕਾਰ ਕਰ ਲਵੋ ।” ਗੁਰੂ ਨਾਨਕ ਦੇਵ ਜੀ ਦੀ ਆਗਿਆ ਉੱਤੇ ਭਾਈ ਮਰਦਾਨਾ ਜੀ ਨੇ ਅੱਗ ਬਾਲੀ ਅਤੇ ਹਿਰਨ ਨੂੰ ਰਿੰਨਣਾ ਸ਼ੁਰੂ ਕਰ ਦਿੱਤਾ।

ਬ੍ਰਾਹਮਣਾਂ ਨੇ ਜਦੋਂ ਧੂੰਆਂ ਵੇਖਿਆ ਉਹ ਗੁਰੂ ਸਾਹਿਬ ਕੋਲ ਭਜੇ ਆਏ ਅਤੇ ਕਿਹਾ,“ਇਸ ਸ਼ੁਭ ਸਮੇਂ ਉੱਤੇ ਕੋਈ ਅੱਗ ਨਹੀਂ ਬਾਲ ਸਕਦਾ। ਇਸ ਤਰ੍ਹਾਂ ਕਰਨਾ ਬਹੁਤ ਵੱਡਾ ਪਾਪ ਹੈ। ਇਸ ਸਮੇਂ ’ਤੇ ਕੁਝ ਵੀ ਨਹੀਂ ਪਕਾਇਆ ਜਾ ਸਕਦਾ। ਇਸ ਸਮੇਂ ਕੇਵਲ ਦਾਨ-ਪੁੰਨ ਹੀ ਦਿੱਤਾ ਜਾ ਸਕਦਾ ਹੈ।” ਨਾਨੂੰ ਬ੍ਰਾਹਮਣ ਨੇ ਪੁੱਛਿਆ, “ਤੂੰ ਕੀ ਪਕਾ ਰਿਹਾ ਹੈ? ਭਾਈ ਮਰਦਾਨੇ ਨੇ ਉੱਤਰ ਦਿੱਤਾ,“ਇਹ ਹਿਰਨ ਦਾ ਮਾਸ ਹੈ ।” ਨਾਨੂੰ ਇਹ ਸੁਣ ਕੇ ਬਹੁਤ ਗੁੱਸੇ ਵਿੱਚ ਆ ਗਿਆ।

ਗੁਰੂ ਨਾਨਕ ਦੇਵ ਜੀ ਨੇ ਨਾਨੂੰ ਨੂੰ ਕਾਰਨ ਪੁੱਛਿਆ, “ਕਿਸੇ ਦੀ ਭੁੱਖ ਦੂਰ ਕਰਨ ਲਈ ਪਕਾਉਣਾ ਕੋਈ ਪਾਪ ਨਹੀਂ ਹੈ। ਪਾਪ ਤਾਂ ਭੋਲੇ-ਭਾਲੇ ਲੋਕਾਂ ਨੂੰ ਝੂਠ ਬੋਲ ਕੇ ਠੱਗਣਾ ਹੈ। ਤੁਸੀਂ ਮੈਨੂੰ ਦੱਸੋ ਕਿ ਤੁਹਾਡੇ ਵਰਗੇ ਲੋਕਾਂ ਨੂੰ ਦਾਨ-ਪੁੰਨ ਦੇਣ ਨਾਲ ਕਿਸੇ ਦੇ ਪਾਪ ਕਿਵੇਂ ਖਤਮ ਹੋ ਸਕਦੇ ਹਨ ? ਜਦੋਂ ਕਿ ਤੁਹਾਨੂੰ ਪਤਾ ਹੀ ਨਹੀਂ ਕਿ ਕਿਸੇ ਦੇ ਪਾਪ ਕਿਵੇਂ ਧੁੱਪ ਸਕਦੇ ਹਨ ? ਤੁਹਾਡੇ ਵਰਗੇ ਲੋਕਾਂ ਨੂੰ ਪਤਾ ਹੀ ਨਹੀਂ, ਕਿ ਮਾਸ ਕੀ ਹੈ ?” ਇਸੇ ਸੰਦਰਭ ਵਿੱਚ ਗੁਰੂ ਨਾਨਕ ਦੇਵ ਹੀ ਸ਼ਬਦ ਉਚਾਰਣ ਕੀਤਾ :

ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, 1289)

ਆਪਣੇ ਵਲੋਂ ਮਾਸ ਦਾ ਤਿਆਗੀ ਮੂਰਖ ਮਾਸ ਮਾਸ ਆਖ ਕੇ ਚਰਚਾ ਕਰਦਾ ਹੈ, ਪਰ ਨਾ ਹੀ ਇਸ ਨੂੰ ਆਤਮਕ ਜੀਵਨ ਦੀ ਸਮਝ ਹੈ, ਨਾ ਹੀ ਸੁਰਤ ਹੈ। ਨਾ ਹੀ ਇਹ ਚੰਗੀ ਤਰ੍ਹਾਂ ਵਿਚਾਰ ਸਕਦਾ ਹੈ ਕਿ ਮਾਸ ਤੇ ਸਾਗ ਵਿੱਚ ਕੀ ਫ਼ਰਕ ਹੈ ਅਤੇ ਕਿਹੜੀ ਚੀਜ਼ ਖਾਣ ਵਿੱਚ ਪਾਪ ਹੈ।

ਗੁਰੂ ਨਾਨਕ ਦੇਵ ਜੀ ਦੇ ਇਹ ਸ਼ਬਦ ਸੁਣਨ ਤੋਂ ਬਾਅਦ, ਜਿੰਨੇ ਵੀ ਵਿਆਕੁਲ ਸਨ, ਸਾਰੇ ਚੁੱਪ ਹੋ ਗਏ। ਗੁਰੂ ਨਾਨਕ ਦੇਵ ਜੀ ਨੇ ਫਿਰ ਆਖਿਆ ਕਿ ਰੱਬ ਕਿਸੇ ਧਮਕੀ ਦੇ ਅਧੀਨ ਨਹੀਂ ਹੈ। ਗ੍ਰਹਿ ਦੀ ਚਾਲ ਕਰਕੇ ਗ੍ਰਹਿਣ ਲੱਗਦਾ ਹੈ। ਇਸ ਤਲਾਅ ਵਿੱਚ ਇਸ਼ਨਾਨ ਕਰਨ ਅਤੇ ਦਾਨ ਦੇਣ ਨਾਲ ਕਿਸੇ ਦੇ ਵੀ ਪਾਪ ਨਹੀਂ ਧੋਤੇ ਜਾਂਦੇ। ਸਿਰਫ਼ ਪਰਮਾਤਮਾ ਨੂੰ ਯਾਦ ਕਰਨ ਅਤੇ ਉਸ ਦੀ ਯਾਦ ਨੂੰ ਮਨ ਵਿੱਚ ਰੱਖਣ ਨਾਲ ਹੀ ਕੋਈ ਧਰਮੀ ਬਣ ਸਕਦਾ ਹੈ।

ਕੇਵਲ ਦਾਨ-ਪੁੰਨ ਕਰਨ ਨਾਲ ਮਨੁੱਖ ਦੀ ਦੁਨਿਆਵੀ ਤੌਰ ’ਤੇ ਸ਼ੋਭਾ ਹੋ ਸਕਦੀ ਹੈ ਪਰ ਰੱਬੀ ਅਸੂਲਾਂ ਮੁਤਾਬਿਕ ਉਹ ਧਰਮੀ ਨਹੀਂ ਗਿਣਿਆ ਜਾ ਸਕਦਾ। ਇਸ ਲਈ ਮਨੁੱਖ ਪਰਮਾਤਮਾ ਦੀ ਯਾਦ ਬਗੈਰ ਜਿਹੜਾ ਵੀ ਕਰਮ ਕਰਦਾ ਹੈ ਉਹ ਉਸ ਲਈ ਦੁੱਖ ਦਾ ਕਾਰਨ ਬਣਦਾ ਹੈ । **********************

# 16. ਸਤਿ ਨਾਲ ਹਉਮੈ ਦਾ ਨਾਸ਼

ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਸ਼ਿਵਾਲਿਕ ਦੀਆਂ ਉੱਚੀਆਂ ਪਹਾੜੀਆਂ ਉੱਤੇ ਜਾ ਪਹੁੰਚੇ ਜਿਥੇ ਦੁਨੀਆਂ ਦਾ ਤਿਆਗ ਕਰਕੇ ਸੰਤ ਅਤੇ ਜੋਗੀ ਭਗਤੀ ਕਰ ਰਹੇ ਸਨ। ਸੰਤ ਅਤੇ ਜੋਗੀ ਮੰਨਦੇ ਸਨ ਕਿ ਜੇਕਰ ਦੁਨੀਆਂ ਤੋਂ ਦੂਰ ਰਹੀਏ ਤਾਂ ਸਭ ਦੁਨਿਆਵੀ ਇੱਛਾਵਾਂ ਖਤਮ ਹੋ ਜਾਂਦੀਆਂ ਹਨ। ਦੁਨਿਆਵੀ ਧਨ-ਦੌਲਤ ਹਾਸਲ ਕਰਨ ਦੀ ਲਾਲਸਾ ’ਤੇ ਕਾਬੂ ਪਾ ਕੇ ਹੀ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਲਈ ਬ੍ਰਹਮਚਾਰੀ ਜੀਵਨ ਜ਼ਰੂਰੀ ਹੈ। ਇਨ੍ਹਾਂ ਦੁਆਰਾ ਮੰਨਿਆ ਜਾਂਦਾ ਸੀ ਕਿ ਮਨੁੱਖ ਵਿਆਹ ਕਰਵਾ ਕੇ ਸੰਸਾਰਿਕ ਝਮੇਲਿਆਂ ਅਤੇ ਭੌਤਿਕ ਵਸਤੂਆਂ ਦੇ ਚੱਕਰ ਵਿੱਚ ਫਸ ਜਾਂਦਾ ਹੈ।

ਬਰਫ਼ ਨਾਲ ਢੱਕੇ ਪਹਾੜਾਂ ਤੇ ਪਹੁੰਚਣਾ ਮੁਸ਼ਕਿਲ ਸੀ। ਜੰਗਲੀ ਅਤੇ ਹਮਲਾਵਰ ਜਾਨਵਰਾਂ ਦਾ ਹਮੇਸ਼ਾ ਖ਼ਤਰਾ ਬਣਿਆ ਰਹਿੰਦਾ ਸੀ। ਇਸ ਸਮੇਂ ਦੌਰਾਨ ਇੱਕ ਪਰਿਵਾਰ ਨੂੰ ਭਿਆਨਕ ਬਘਿਆੜਾਂ ਨੇ ਖਾ ਲਿਆ। ਜੋਗੀ, ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ ਨੂੰ ਵੇਖ ਕੇ ਬਹੁਤ ਹੈਰਾਨ ਹੋਏ। ਉਹਨਾਂ ਨੇ ਪੁੱਛਿਆ, "ਤੁਸੀਂ ਇਥੇ ਕਿਵੇਂ ਪਹੁੰਚ ਗਏ?” ਇਨ੍ਹਾਂ ਪਹਾੜਾਂ ’ਤੇ ਕੇਵਲ ਦੈਵੀ ਸ਼ਕਤੀ ਨਾਲ ਹੀ ਪਹੁੰਚਿਆ ਜਾ ਸਕਦਾ ਹੈ।" ਗੁਰੂ ਨਾਨਕ ਨੇ ਉੱਤਰ ਦਿੱਤਾ, "ਅਸੀਂ ਸੱਚ ਦੀ ਸ਼ਕਤੀ ਨਾਲ ਇਥੇ ਪਹੁੰਚੇ ਹਾਂ।"

ਉਹਨਾਂ ਜੋਗੀਆਂ ਵਿਚੋਂ ਗੋਰਖ ਦਾ ਇੱਕ ਚੇਲਾ ਭਰਥਰੀ ਸੀ, ਜਿਸ ਨੇ ਆਪਣਾ ਰਾਜ ਤਿਆਗ ਜੋਗ ਭਗਤੀ ਕਰਨ ਲਈ ਆਪਣੇ ਰਾਜ ਦਾ ਤਿਆਗ ਕਰ ਦਿੱਤਾ ਸੀ। ਉਹ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਦੇ ਅਰਥ ਨਹੀਂ ਸਮਝ ਸਕਿਆ ਕਿ ਸੱਚੇ ਜੀਵਨ ਬਿਨਾਂ ਸੱਚ ਨੂੰ ਨਹੀਂ ਜਾਣਿਆ ਜਾ ਸਕਦਾ। ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਸਲਾਹ ਦਿੱਤੀ, "ਤੈਨੂੰ ਮੇਰੇ ਵਾਂਗ ਕੰਨ ਵਿੰਨ੍ਹ ਮੁੰਦਰਾਂ ਪਾ ਕੇ, ਬਸਤਰ ਆਦਿ ਦਾ ਤਿਆਗ ਕਰਕੇ ਸਰੀਰ ਉੱਤੇ ਸੁਆਹ ਮਲ ਕੇ ਤੇ ਮੁਕਤੀ ਪ੍ਰਾਪਤ ਕਰਨ ਲਈ ਗੋਰਖ ਨਾਥ ਨੂੰ ਆਪਣਾ ਗੁਰੂ ਧਾਰਨ ਕਰ ਲੈਣਾ ਚਾਹੀਦਾ ਹੈ।"

ਗੁਰੂ ਨਾਨਕ ਦੇਵ ਜੀ ਨੇ ਉੱਤਰ ਦਿੱਤਾ, "ਤੂੰ ਆਪਣਾ ਰਾਜ ਛੱਡ ਦਿੱਤਾ ਹੈ, ਆਪਣਾ ਘਰ ਛੱਡ ਦਿੱਤਾ ਹੈ ਪਰ ਆਪਣੇ ਹੰਕਾਰ ਤੋਂ ਛੁਟਕਾਰਾ ਨਹੀਂ ਪਾ ਸਕਿਆ। ਬਾਹਰੀ ਦਿਖਾਵਾ ਕਿਸ ਕੰਮ ਦਾ ਹੈ? ਅਜੇ ਤੱਕ ਨਾ ਤੂੰ ਸੱਚ ਨੂੰ ਸਮਝਿਆ ਤੇ ਨਾ ਜਾਣਿਆ ਹੈ।" ਭਰਥਰੀ ਨੇ ਗੁਰੂ ਨਾਨਕ ਦੇਵ ਜੀ ਨੂੰ ਭੰਗ ਦਾ ਇੱਕ ਕਟੋਰਾ ਪੀਣ ਲਈ ਦਿੱਤਾ ਤੇ ਕਿਹਾ, "ਨਾਨਕ, ਇਸ ਨੂੰ ਪੀ ਲੈ ਤਾਂ ਤੂੰ ਭੁੱਖ ਅਤੇ ਪਿਆਸ ਤੋਂ ਮੁਕਤ ਹੋ ਜਾਵੇਂਗਾ। ਤੇਰਾ ਧਿਆਨ ਲੱਗ ਜਾਵੇਗਾ, ਤੂੰ ਸਾਰੇ ਕਸ਼ਟ ਭੁੱਲ ਜਾਵੇਂਗਾ।" ਗੁਰੂ ਨਾਨਕ ਦੇਵ ਜੀ ਨੇ ਜੁਆਬ ਦਿੱਤਾ, "ਜੋ ਸੱਚ ਵਿੱਚ ਵਿਸ਼ਵਾਸ ਰੱਖਦਾ ਹੈ ਉਸਨੂੰ ਕਿਸੇ ਨਸ਼ੇ ਦੀ ਜ਼ਰੂਰਤ ਨਹੀਂ। ਨਾਮ ਸਿਮਰਨ ਹਰ ਇੱਕ ਦੇ ਦੁੱਖ ਅਤੇ ਤਕਲੀਫ਼ ਖਤਮ ਕਰ ਦਿੰਦਾ ਹੈ।"

ਇੱਕ ਹੋਰ ਜੋਗੀ ਭੰਗਰ ਨਾਥ ਨੇ ਪੁਛਿਆ, "ਤੁਸੀਂ ਲੋਭ ਕਿਵੇਂ ਤਿਆਗਿਆ, ਸੰਸਾਰੀ ਵਸਤਾਂ ਤੋਂ ਕਿਵੇਂ ਛੁਟਕਾਰਾ ਪਾਇਆ? ਤੁਸੀਂ ਗੁੱਸੇ ਤੇ ਕਾਬੂ ਕਿਵੇਂ ਪਾਇਆ, ਹੰਕਾਰ ਤੁਹਾਨੂੰ ਤੰਗ ਕਿਉਂ ਨਹੀਂ ਕਰਦਾ?" ਗੁਰੂ ਨਾਨਕ ਦੇਵ ਜੀ ਨੇ ਉੱਤਰ ਦਿੱਤਾ, "ਜਦੋਂ ਮੈਨੂੰ ਸੱਚ ਦਾ ਗਿਆਨ ਹੋ ਗਿਆ ਤਾਂ ਮੈਂ ਦੁਨਿਆਵੀ ਵਾਸਨਾਵਾਂ ਤੋਂ ਮੁਕਤ ਹੋ ਗਿਆ। ਜਦੋਂ ਮੈਂ ਪ੍ਰਭੂ ਦੀ ਕੀਰਤੀ ਨੂੰ ਗਾਉਣ ਲੱਗਾ ਤਾਂ ਸੰਸਾਰੀ ਇੱਛਾਵਾਂ, ਲੋਭ ਲਾਲਸਾ ਅਤੇ ਕ੍ਰੋਧ ਦਾ ਨਾਸ਼ ਹੋ ਗਿਆ, ਸ਼ਾਂਤੀ ਦੀ ਪ੍ਰਾਪਤੀ ਹੋਈ। ਜਦੋਂ ਮੈਂ ਜਾਣ ਲਿਆ ਕਿ ਪ੍ਰਮਾਤਮਾ ਹਮੇਸ਼ਾ ਮੇਰੇ ਨਾਲ ਹੈ ਤਾਂ ਮੌਤ ਦਾ ਡਰ ਵੀ ਦੂਰ ਹੋ ਗਿਆ।"

ਗੁਰੂ ਨਾਨਕ ਦੇਵ ਜੀ ਨੇ ਸਮਝ ਲਿਆ ਕਿ ਜੋਗੀ ਹੁਣ ਇਸ ਸੱਚ ਨੂੰ ਸਮਝਣ ਦੇ ਯੋਗ ਹੋ ਜਾਣਗੇ ਕਿ ਰੱਬ ਉਸਦੀ ਸਾਰੀ ਸ੍ਰਿਸ਼ਟੀ ਵਿੱਚ ਵੱਸਦਾ ਹੈ।

ਰੱਬ ਹੀ ਸੱਚੀ ਹਸਤੀ ਦਾ ਮਾਲਕ ਹੈ। ਉਸ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਸਿਰਫ਼ ਸਿਮਰਨ ਰਾਹੀਂ ਉਸ ਨੂੰ ਮਹਿਸੂਸ ਕੀਤਾ ਤੇ ਸਮਝਿਆ ਜਾ ਸਕਦਾ ਹੈ ਅਤੇ ਉਸ ਦੇ ਨਾਮ ਦੀ ਬਰਕਤ ਸਦਕਾ ਕਾਮ, ਕ੍ਰੋਧ ਆਦਿ ਵਿਕਾਰਾਂ ਤੋਂ ਮਨੁੱਖ ਬਚਿਆ ਰਹਿੰਦਾ ਹੈ।

******************

# 17. ਸਭ ਪਾਸੇ ਰੱਬ

ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਮੱਕੇ ਵਿਖੇ ਪਹੁੰਚ ਗਏ, ਜੋ ਕਿ ਇਸਲਾਮ ਧਰਮ ਦਾ ਪਵਿੱਤਰ ਸਥਾਨ ਹੈ। ਰਸਤੇ ਵਿੱਚ ਉਹ ਮੱਕੇ ਜਾ ਰਹੇ ਹੋਰ ਹਾਜ਼ੀਆਂ (ਹੱਜ ਕਰਨ ਵਾਲੇ ਯਾਤਰੂ) ਨੂੰ ਮਿਲੇ। ਇਹ ਹਾਜ਼ੀ ਰੱਬ ਦੀਆਂ ਗੱਲਾਂ ਕਰਨ ਦੀ ਬਜਾਏ ਦੁਨਿਆਵੀ ਗੱਲਾਂ-ਬਾਤਾਂ ਹੀ ਕਰਦੇ ਸਨ। ਗੁਰੂ ਨਾਨਕ ਦੇਵ ਜੀ ਨੇ ਕਿਹਾ, "ਭਾਈ ਮਰਦਾਨਾ ਜੀ! ਜੇ ਹੱਜ ਜਾਣਾ ਹੋਵੇ ਤਾਂ ਜ਼ਰੂਰੀ ਹੈ ਤਾਂ ਅੱਲ੍ਹਾ ਦੀ ਸਿਫਤ ਸਲਾਹ ਕਰਨੀ ਚਾਹੀਦੀ ਹੈ। ਵਿਅਰਥ ਗੱਲਾਂ ਕਰਨਾ ਹਾਜ਼ੀਆਂ ਲਈ ਸਹੀ ਨਹੀਂ, ਅਜਿਹਾ ਕਰਨ ਨਾਲ ਇਹ ਸਾਰਾ ਯਤਨ ਵਿਅਰਥ ਹੋ ਜਾਂਦਾ ਹੈ।"

ਰੱਬ ਦੀ ਉਸਤਤ ਵਿੱਚ ਗਾਉਂਦੇ ਹੋਏ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਮੱਕੇ ਪਹੁੰਚੇ, ਉਹਨਾਂ ਨੇ ਹਾਜ਼ੀਆਂ ਵਾਂਗੂ ਆਮ ਨੀਲੇ ਵਸਤਰ ਪਾਏ ਹੋਏ ਸਨ ਅਤੇ ਕੋਲ ਆਪਣੀ ਪਵਿੱਤਰ ਬਾਣੀ ਦੀ ਪੋਥੀ ਵੀ ਸੀ। ਅਜਿਹੇ ਵੇਸ ਵਿੱਚ ਉਹ ਮੱਕੇ ਦੀ ਮਸਜਿਦ ਵਿੱਚ ਦਾਖਲ ਹੋ ਗਏ। ਉਹਨਾਂ ਸਾਰਾ ਦਿਨ ਰੱਬ ਦੀ ਉਸਤਤ ਗਾਉਣ ਵਿੱਚ ਬਿਤਾਇਆ ਅਤੇ ਰਾਤ ਨੂੰ ਸੌਂ ਗਏ। ਸਵੇਰੇ ਸਵੇਰੇ ਜੀਵਨ ਨਾਮ ਦਾ ਇੱਕ ਮੁੱਲਾਂ (ਇੱਕ ਇਸਲਾਮਿਕ ਅਧਿਆਪਕ) ਉਥੋਂ ਲੰਘ ਰਿਹਾ ਸੀ। ਉਸਨੇ ਵੇਖਿਆ ਕਿ ਗੁਰੂ ਨਾਨਕ ਦੇਵ ਜੀ ਦੇ ਪੈਰ ਕਾਅਬਾ (ਜਿਸਨੂੰ ਕਿ ਇਸਲਾਮ ਵਿੱਚ ਰੱਬ ਦੇ ਘਰ ਵਜੋਂ ਮਾਨਤਾ ਪ੍ਰਾਪਤ ਹੈ) ਵੱਲ ਸਨ। ਉਹ ਬਹੁਤ ਪਰੇਸ਼ਾਨ ਹੋ ਗਿਆ। ਉਸਨੇ ਗੁਰੂ ਜੀ ਦੇ ਲੱਤ ਮਾਰੀ ਅਤੇ ਕਿਹਾ, "ਓ ਕਾਫਰਾ! ਤੂੰ ਨਹੀਂ ਜਾਣਦਾ ਕਿ ਤੂੰ ਰੱਬ ਦੇ ਘਰ ਵੱਲ ਪੈਰ ਕੀਤੇ ਹੋਏ ਨੇ? ਇਹ ਸਾਡੀ ਮਰਿਆਦਾ ਦੇ ਉਲਟ ਹੈ।" ਗੁਰੂ ਨਾਨਕ ਨੇ ਅਗੋਂ ਬੜੀ ਨਿਮਰਤਾ ਨਾਲ ਜੁਆਬ ਦਿੱਤਾ, "ਹੇ ਮੁੱਲਾਂ ਜੀ! ਮੈਂ ਥੱਕਿਆ ਹੋਇਆਂ, ਤੁਸੀਂ ਮੇਰੇ ਪੈਰ ਉਧਰ ਕਰ ਦਿਓ ਜਿਧਰ ਖ਼ੁਦਾ ਨਹੀਂ।" ਮੁੱਲਾਂ ਜੀਵਨ ਇੱਕ ਵਿਦਵਾਨ ਸੀ ਉਹ ਚੰਗੀ ਤਰ੍ਹਾਂ ਕੁਰਾਨ ਦੇ ਉਪਦੇਸ਼ਾਂ ਨੂੰ ਜਾਣਦਾ ਸੀ ਉਸ ਨੇ ਕੁਰਾਨ ਦੀਆਂ ਆਇਤਾਂ ਤੋਂ ਸਿੱਖਿਆ ਸੀ ਕਿ ਅੱਲ੍ਹਾ ਹਰ ਦਿਸ਼ਾ ਵਿੱਚ ਵਿਦਮਾਨ ਹੈ। ਗੁਰੂ ਨਾਨਕ ਦੇਵ ਜੀ ਦੇ ਹੁੰਗਾਰੇ ਨੂੰ ਸੁਣਨ ਤੇ ਉਸਨੇ ਗੁਰੂ ਜੀ ਦੇ ਸੰਦੇਸ਼ ਨੂੰ ਸਮਝ ਲਿਆ ਕਿ ਖ਼ੁਦਾ ਹਰ ਪਾਸੇ ਮੌਜੂਦ ਹੁੰਦਾ ਹੈ।

ਇਹ ਵੀ ਕਿਹਾ ਜਾਂਦਾ ਹੈ ਕਿ ਜਦੋਂ ਮੁੱਲਾਂ ਨੇ ਗੁਰੂ ਦੇ ਪੈਰਾਂ ਨੂੰ ਖੱਬੇ-ਪਾਸੇ ਕੀਤਾ ਤਾਂ ਕਾਅਬਾ ਖੱਬੇ ਪਾਸੇ ਵੱਲ ਹੋ ਗਿਆ, ਜਦੋਂ ਉਹ ਗੁਰੂ ਦੇ ਪੈਰਾਂ ਨੂੰ ਸੱਜੇ ਪਾਸੇ ਲੈ ਗਿਆ ਤਾਂ ਕਾਅਬਾ ਸੱਜੇ ਪਾਸੇ ਚਲਾ ਗਿਆ। ਅਸਲ ਵਿੱਚ ਇਸ ਅਲੌਕਿਕ ਘਟਨਾ ਨਾਲੋਂ ਉਸ ਵਿੱਚਲਾ ਸੁਨੇਹਾ ਜ਼ਿਆਦਾ ਮਹੱਤਵ ਰੱਖਦਾ ਹੈ ਕਿ ਖ਼ੁਦਾ ਸਭ ਪਾਸੇ ਹੈ।

ਜੀਵਨ ਅਤੇ ਗੁਰੂ ਨਾਨਕ ਦੇਵ ਜੀ ਇੱਕ ਦੂਜੇ ਨੂੰ ਇਸ ਤਰ੍ਹਾਂ ਮਿਲੇ ਜਿਵੇਂ ਉਹ ਇੱਕ ਦੂਜੇ ਨੂੰ ਜਨਮਾਂ ਤੋਂ ਜਾਣਦੇ ਹੋਣ। ਦੂਸਰਿਆਂ ਦੇ ਸ਼ੰਕੇ ਮਿਟਾਉਣ ਲਈ ਜੀਵਨ ਨੇ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ, "ਪ੍ਰਭੂ ਦੇ ਦਰਬਾਰ ਵਿੱਚ ਕੌਣ ਉਤਮ ਹੈ ਹਿੰਦੂ ਜਾਂ ਮੁਸਲਮਾਨ?" ਗੁਰੂ ਨਾਨਕ ਦੇਵ ਜੀ ਨੇ ਉੱਤਰ ਦਿੱਤਾ, "ਕੇਵਲ ਸ਼ੁਭ ਕੰਮ ਉਸ ਦੇ ਦਰ ਤੇ ਪ੍ਰਵਾਨ ਹਨ, ਸ਼ੁਭ ਕਰਮਾਂ ਤੋਂ ਬਿਨਾਂ ਹਿੰਦੂ ਜਾਂ ਮੁਸਲਮਾਨ ਨੂੰ ਉਸਦੇ ਦਰ ’ਤੇ ਕੋਈ ਥਾਂ ਨਹੀਂ।" ਹਾਜ਼ੀਆਂ ਨੇ ਗੁਰੂ ਨਾਨਕ ਦੇਵ ਜੀ ਨੂੰ ਹੋਰ ਕਈ ਸੁਆਲ ਪੁੱਛੇ। ਗੁਰੂ ਜੀ ਨੇ ਸਭ ਦੇ ਤਸੱਲੀਬਖਸ਼ ਜੁਆਬ ਦਿੱਤੇ। ਗੁਰੂ ਨਾਨਕ ਦੇਵ ਜੀ ਨੇ ਸਾਰਿਆਂ ਨੂੰ ਦੱਸ ਦਿੱਤਾ ਕਿ ਖ਼ੁਦਾ ਹਰ ਦਿਸ਼ਾ 'ਚ ਹੈ ਅਤੇ ਉਹ ਹਰ ਮਨੁੱਖ ਦੇ ਦਿਲ ਵਿੱਚ ਵੱਸਦਾ ਹੈ।

ਰੱਬ ਕਿਸੇ ਖਾਸ ਦਿਸ਼ਾ ਵੱਲ ਨਹੀਂ ਵੱਸਦਾ ਬਲਕਿ ਉਹ ਤਾਂ ਸ੍ਰਿਸ਼ਟੀ ਦੇ ਕਣ-ਕਣ ਵਿੱਚ ਸੁਭਾਇਮਾਨ ਹੈ । ਉਸ ਲਈ ਕਿਸੇ ਮਨੁੱਖ ਦਾ ਹਿੰਦੂ ਹੋਣਾ ਜਾਂ ਮੁਸਲਮਾਨ ਹੋਣਾ ਕੋਈ ਮਾਅਨੇ (ਅਹਿਮੀਅਤ) ਨਹੀਂ ਰੱਖਦਾ ਕਿਉਂਕਿ ਉਹ ਸਭਨਾਂ ਜੀਆਂ ਨੂੰ ਬਰਾਬਰ ਵੇਖਦਾ ਹੈ। ਅਕਾਲ ਪੁਰਖ ਚੰਗੇ ਗੁਣਾਂ ਤੇ ਕਰਮਾਂ ਦੁਆਰਾ ਹੀ ਮਨੁੱਖ ਨੂੰ ਪ੍ਰਵਾਨ ਕਰਦਾ ਹੈ ।

******************

# 18. ਦਿਆਲੂ ਰਾਜਾ ਹੋਣਾ

ਮੱਕੇ ਤੋਂ ਵਾਪਸ ਆਉਂਦੇ ਹੋਏ, ਗੁਰੂ ਨਾਨਕ ਦੇਵ ਜੀ ਨੂੰ ਕਾਬੁਲ ਆ ਕੇ ਪਤਾ ਲੱਗਿਆ ਕਿ ਬਾਬਰ ਭਾਰਤ ਉੱਤੇ ਹਮਲਾ ਕਰਨ ਦੀ ਤਿਆਰੀ ਕਰ ਰਿਹਾ ਹੈ। ਉਸ ਦੇ ਹਮਲੇ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਐਮਨਾਬਾਦ ਪਹੁੰਚ ਗਏ। ਫਿਰ ਉਹ ਭਾਈ ਲਾਲੋ ਦੇ ਕੋਲ ਰਹੇ ਜਿਸ ਨੂੰ ਉਹਨਾਂ ਆਪਣੇ ਪ੍ਰਚਾਰ ਲਈ ਥਾਪਿਆ ਸੀ। ਬਾਬਰ ਦੇ ਹਮਲੇ ਬਾਰੇ ਗੁਰੂ ਜੀ ਨੇ ਇੱਕ ਸ਼ਬਦ ਉੱਚਾਰਿਆ:

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।।

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।। (ਸ੍ਰੀ ਗੁਰੂ ਗ੍ਰੰਥ ਸਾਹਿਬ, 722)

ਹੇ ਭਾਈ ਲਾਲੋ! ਮੈਨੂੰ ਜਿਹੋ ਜਿਹੀ ਪ੍ਰਭੂ ਵਲੋਂ ਬਾਣੀ ਰੂਪ ਵਿੱਚ ਪ੍ਰੇਰਨਾ ਆ ਰਹੀ ਹੈ ਉਸੇ ਤਰ੍ਹਾਂ ਮੈਂ ਉਸ ਦੁਰਘਟਨਾ ਬਾਰੇ ਦੱਸ ਰਿਹਾ ਹਾਂ। (ਬਾਬਰ) ਕਾਬੁਲ ਤੋਂ ਫ਼ੌਜ, ਜੋ ਮਾਨੋ ਪਾਪ-ਜ਼ੁਲਮ ਦੀ ਜੰਞ ਹੈ, ਇਕੱਠੀ ਕਰਕੇ ਆ ਚੜ੍ਹਿਆ ਹੈ, ਅਤੇ ਜ਼ੋਰ-ਧੱਕੇ ਨਾਲ ਹਿੰਦ ਦੀ ਹਕੂਮਤ ਰੂਪ ਕੰਨਿਆ ਦਾ ਦਾਨ ਮੰਗ ਰਿਹਾ ਹੈ।

ਸਾਲ 1520 ਈ. ਵਿੱਚ ਬਾਬਰ ਐਮਨਾਬਾਦ ਪਹੁੰਚ ਗਿਆ। ਸਥਾਨਕ ਸ਼ਾਸਕਾਂ ਨੇ ਬਾਬਰ ਦਾ ਸਾਹਮਣਾ ਕਰਨ ਲਈ ਕੋਈ ਫੌਜੀ ਤਿਆਰੀਆਂ ਨਹੀਂ ਕੀਤੀਆਂ। ਪ੍ਰੰਤੂ ਉਹਨਾਂ ਨੂੰ ਕੁਝ ਮੁੱਲਾਂ (ਇਸਲਾਮਿਕ ਅਧਿਆਪਕਾਂ) ਬਾਬਰ ਨੇ ਬੜੀ ਆਸਾਨੀ ਨਾਲ ਸਥਾਨਕ ਸ਼ਾਸਕਾਂ ਨੂੰ ਹਰਾ ਦਿੱਤਾ। ਜੇਤੂ ਫੌਜ ਨੇ ਸ਼ਹਿਰ ਨੂੰ ਹਰ ਤਰ੍ਹਾਂ ਨਾਲ ਜਿਵੇਂ ਚਾਹਿਆ ਲੁੱਟਿਆ। ਉਥੇ ਕੋਈ ਵੀ ਉਹਨਾਂ ਨੂੰ ਰੋਕਣ ਵਾਲਾ ਨਹੀਂ ਸੀ। ਬਾਬਰ ਦੀ ਸੈਨਾ ਨੇ ਹਜ਼ਾਰਾਂ ਮਾਸੂਮਾਂ ਦਾ ਕਤਲ ਕਰ ਕੀਤਾ। ਆਦਮੀ, ਔਰਤਾਂ ਅਤੇ ਬੱਚੇ ਮਰਨ ਤੋਂ ਬਚ ਗਏ ਉਹਨਾਂ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਅਤੇ ਸੈਨਾ ਲਈ ਚੱਕੀਆਂ ਤੇ ਆਟਾ ਪੀਸਣ ਲਾ ਦਿੱਤਾ। ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ ਨੂੰ ਵੀ ਕੈਦੀ ਬਣਾ ਲਿਆ ਅਤੇ ਚੱਕੀ ਪੀਹਣ ਲਾ ਦਿੱਤਾ।

ਜਦੋਂ ਗੁਰੂ ਨਾਨਕ ਦੇਵ ਜੀ ਕੈਦੀਆਂ ਦੇ ਕੈਂਪ ਵਿੱਚ ਦਾਖਲ ਹੋਏ ਤਾਂ ਕੈਦੀ ਦੁੱਖ ਨਾਲ ਕੁਰਲਾਅ ਰਹੇ ਸਨ। ਉਹ ਆਪਣੇ ਰਿਸ਼ਤੇਦਾਰ ਲਈ ਵਿਰਲਾਪ ਰਹੇ ਸਨ ਜੋ ਕਿ ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਮਾਰ ਦਿੱਤੇ ਗਏ। ਉਹਨਾਂ ਦੇ ਘਰ ਤਬਾਹ ਕਰ ਦਿੱਤੇ ਗਏ ਅਤੇ ਉਹਨਾਂ ਨੂੰ ਜਬਰੀ ਰੋਜ਼ ਆਟਾ ਪੀਸਣਾ ਪੈ ਰਿਹਾ ਸੀ। ਗੁਰੂ ਨਾਨਕ ਦੇਵ ਜੀ ਨੇ ਬਾਣੀ ਦਾ ਉਚਾਰਣ ਕੀਤਾ ਜਿਸ ਨਾਲ ਉਹਨਾਂ ਨੂੰ ਸ਼ਾਂਤੀ ਅਤੇ ਧਰਵਾਸ ਮਿਲਿਆ। ਉਹਨਾਂ ਮਹਿਸੂਸ ਹੋਇਆ ਕਿ ਪ੍ਰਮਾਤਮਾ ਨੂੰ ਵਿਸਾਰਨ ਕਰਕੇ ਹੀ ਉਹ ਅਜਿਹੀ ਭਿਆਨਕ ਸਥਿਤੀ ਵਿੱਚ ਫਸੇ ਗਏ ਹਨ। ਲੰਬੇ ਵਾਲਾਂ ਵਾਲੀਆਂ ਸੁਹਾਗਣ ਔਰਤਾਂ ਜੋ ਸ਼ਿੰਗਾਰ ਕਰਕੇ ਪਲੰਘਾਂ 'ਤੇ ਸਜਕੇ ਬੈਠਦੀਆਂ ਸਨ ਉਹਨਾਂ ਦੇ ਵਾਲ ਕਟ ਦਿੱਤੇ ਗਏ ਅਤੇ ਜ਼ਮੀਨ ਉੱਤੇ ਬੈਠ ਘੰਟਿਆਂ ਬੱਧੀ ਚੱਕੀ ਪੀਸ ਰਹੀਆਂ ਸਨ। ਉਹਨਾਂ ਦੀ ਸੁੰਦਰਤਾ ਹੀ ਉਹਨਾਂ ਦੀ ਦੁਸ਼ਮਣ ਹੋ ਗਈ ਸੀ।

ਬਾਬਰ ਦੇ ਜਰਨਲ ਮੀਰ ਖਾਨ ਨੇ ਬਾਬਰ ਨੂੰ ਦੱਸਿਆ ਕਿ ਜਦੋਂ ਗੁਰੂ ਨਾਨਕ ਦੇਵ ਜੀ ਬਾਣੀ ਉੱਚਾਰਦੇ ਹਨ ਤਾਂ ਸਾਰੇ ਕੈਦੀ ਬੜੇ ਸ਼ਾਂਤ ਤੇ ਅਡੋਲ ਹੋ ਜਾਂਦੇ ਹਨ। ਬਾਬਰ ਬੜਾ ਹੈਰਾਨ ਹੋਇਆ ਅਤੇ ਉਹ ਆਪ ਇਹ ਵੇਖਣ ਲਈ ਜੇਲ੍ਹ ਅੰਦਰ ਗਿਆ। ਉਸਨੇ ਹੁਕਮ ਦਿੱਤਾ ਕਿ ਗੁਰੂ ਨਾਨਕ ਦੇਵ ਜੀ ਨੂੰ ਛੱਡ ਦਿੱਤਾ ਜਾਵੇ। ਗੁਰੂ ਨਾਨਕ ਦੇਵ ਜੀ ਨੇ ਕਿਹਾ, "ਹੇ ਰਾਜਨ! ਮੈਂ ਇਕੱਲਾ ਬਾਹਰ ਨਹੀਂ ਜਾਵਾਂਗਾ। ਮੈਂ ਤਦ ਹੀ ਜਾਵਾਂਗਾ ਜੇਕਰ ਸਾਰੇ ਕੈਦੀ ਛੱਡ ਦਿੱਤੇ ਜਾਣ।" ਬਾਬਰ ਨੇ ਗੁਰੂ ਨਾਨਕ ਦੇਵ ਜੀ ਦੇ ਕਹਿਣ ਉੱਤੇ ਸਾਰੇ ਕੈਦੀਆਂ ਨੂੰ ਰਿਹਾਅ ਕਰ ਦਿੱਤਾ। ਬਾਬਰ ਗੁਰੂ ਨਾਨਕ ਦੇਵ ਜੀ ਤੋਂ ਬਹੁਤ ਖੁਸ਼ ਹੋਇਆ। ਉਸਨੇ ਆਖਿਆ, "ਗੁਰੂ ਜੀ! ਮੈਂ ਤੁਹਾਡੇ ਲਈ ਕੀ ਕਰ ਸਕਦਾ ਹਾਂ?" ਗੁਰੂ ਨਾਨਕ ਦੇਵ ਜੀ ਨੇ ਕਿਹਾ, "ਇੱਕ ਨੇਕ ਤੇ ਦਿਆਲੂ ਰਾਜਾ ਬਣ ਲੋਕਾਂ ਦੀ ਭਲਾਈ ਦੇ ਕੰਮ ਕਰ। ਰੱਬੀ ਬੰਦਿਆਂ ਦਾ ਸਤਿਕਾਰ ਕਰ।" ਸਭ ਤੋਂ ਵੱਧ ਰੱਬ ਨੂੰ ਹਮੇਸ਼ਾ ਯਾਦ ਰੱਖ। ਬਾਬਰ ਨੇ ਗੁਰੂ ਜੀ ਦੁਆਰਾ ਦਿੱਤੀ ਸਿੱਖਿਆ ’ਤੇ ਅਮਲ ਕਰਨਾ ਮੰਨ ਗਿਆ।

ਦਇਆ ਹੀ ਮਨੁੱਖੀ ਗੁਣਾਂ ਵਿੱਚ ਸਭ ਤੋਂ ਸ੍ਰੇਸ਼ਠ ਸਥਾਨ ਰੱਖਦੀ ਹੈ ਕਿਉਂਕਿ ਦਇਆ ਤੋਂ ਬਿਨਾਂ ਧਰਮ ਨਹੀਂ ਚੱਲਦਾ। ਦੂਸਰੇ ਸ਼ਬਦਾਂ ਵਿੱਚ, ਦਇਆ ਧਰਮ ਦੀ ਮਾਂ ਹੈ। ਸੋ ਸਭ ਜੀਆਂ ਵਿੱਚ ਰੱਬ ਦੇ ਦਰਸ਼ਨ ਕਰਦਿਆਂ ਉਹਨਾਂ ’ਤੇ ਦਇਆ ਕਰਨੀ ਚਾਹੀਦੀ ਹੈ । ******

# 19. ਮਨ ਅਤੇ ਸਰੀਰ

ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਇੱਕ ਦਿਨ ਪਿੰਡ ਦੀਪਾਲਪੁਰ ਮਿੰਟਗੁਮਰੀ (ਪਾਕਿਸਤਾਨ) ਪਹੁੰਚੇ। ਇਥੇ ਬਹੁਤ ਭਾਰੀ ਮੀਂਹ ਪੈ ਰਿਹਾ ਤੇ ਹਨੇਰਾ ਛਾਇਆ ਹੋਇਆ ਸੀ। ਭਾਈ ਮਰਦਾਨਾ ਜੀ ਨੇ ਗੁਰੂ ਜੀ ਨੂੰ ਕਿਹਾ, "ਜੇ ਤੁਹਾਡੀ ਆਗਿਆ ਹੋਵੇ ਤਾਂ ਮੈਂ ਜਾ ਕੇ ਪੁੱਛਾਂ, ਜੇਕਰ ਕੋਈ ਸਾਨੂੰ ਰਾਤ ਨੂੰ ਰੱਖਣ ਲਈ ਸਹਿਮਤ ਹੋ ਜਾਵੇ। ਜੇ ਬਾਰਿਸ਼ ਨਾ ਹੋਈ ਤਾਂ ਫੇਰ ਅਸੀਂ ਰਾਤ ਜੰਗਲ ਵਿੱਚ ਹੀ ਕੱਟ ਲਵਾਂਗੇ।"

ਆਗਿਆ ਲੈ ਕੇ ਭਾਈ ਮਰਦਾਨੇ ਨੇ ਪਿੰਡ ਦੇ ਲੋਕਾਂ ਤੋਂ ਪੁਛ-ਗਿੱਛ ਕੀਤੀ ਪਰ ਕਿਸੇ ਨੇ ਉਹਨਾਂ ਨੂੰ ਪਨਾਹ ਨਾ ਦਿੱਤੀ। ਸਾਰਿਆਂ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ, "ਜੇ ਤੁਸੀਂ ਦੋਵੇਂ ਹਿੰਦੂ ਹੁੰਦੇ ਤਾਂ ਕਿਸੇ ਹਿੰਦੂ ਨੇ ਤੁਹਾਨੂੰ ਰੱਖ ਲੈਣਾ ਸੀ ਜਾਂ ਜੇਕਰ ਤੁਸੀਂ ਦੋਵੇਂ ਮੁਸਲਮਾਨ ਹੁੰਦੇ ਤਾਂ ਕਿਸੇ ਮੁਸਲਮਾਨ ਨੇ ਰੱਖ ਲੈਣਾ ਸੀ, ਪਰ ਇਕੋ ਘਰ ਵਿੱਚ ਇੱਕ ਹਿੰਦੂ ਅਤੇ ਇੱਕ ਮੁਸਲਮਾਨ ਨੂੰ ਕੌਣ ਰੱਖੇਗਾ?"

ਵਾਪਸ ਆਉਂਦੇ ਹੋਏ ਭਾਈ ਮਰਦਾਨੇ ਨੂੰ ਸਾਹਮਣੇ ਇੱਕ ਝੌਂਪੜੀ ਵਿੱਚ ਮੱਧਮ ਰੌਸ਼ਨੀ ਦਿਖਾਈ ਦਿੱਤੀ। ਇਹ ਨਾ ਜਾਣਦੇ ਹੋਏ ਕਿ ਉਥੇ ਇੱਕ ਕੋਹੜੀ ਰਹਿੰਦਾ ਹੈ, ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ ਉਥੇ ਪਹੁੰਚ ਗਏ। ਕੋਹੜੀ ਦੇ ਰਿਸ਼ਤੇਦਾਰ ਇਸ ਲਾ-ਇਲਾਜ ਤੇ ਛੂਤ ਦੇ ਰੋਗ ਕਰਕੇ ਇਸ ਨੂੰ ਇਕੱਲਾ ਛੱਡ ਗਏ ਸੀ ਫਿਰ ਵੀ ਇਸਦੇ ਰਿਸ਼ਤੇਦਾਰ ਉਸ ਨੂੰ ਰੋਟੀ-ਪਾਣੀ ਦੇ ਜਾਂਦੇ ਸਨ।

ਗੁਰੂ ਨਾਨਕ ਦੇਵ ਜੀ ਨੂੰ ਆਪਣੀ ਝੌਂਪੜੀ ਵਿੱਚ ਦਾਖਲ ਹੁੰਦਿਆਂ ਵੇਖ ਕੇ ਕੋਹੜੀ ਨੇ ਕਿਹਾ, "ਮੇਰੇ ਨੇੜੇ ਨਾ ਆਉਣਾ, ਮੇਰੇ ਤੋਂ ਦੂਰ ਰਹਿਣਾ। ਮੈਂ ਇੱਕ ਕੋਹੜੀ ਹਾਂ। ਤੁਹਾਨੂੰ ਮੇਰੇ ਤੋਂ ਬੀਮਾਰੀ ਲੱਗ ਜਾਵੇਗੀ।" ਗੁਰੂ ਨਾਨਕ ਦੇਵ ਜੀ ਨੇ ਇਸ ਗੱਲ ਦੀ ਨਾ ਪਰਵਾਹ ਕੀਤੀ ਤੇ ਝੌਂਪੜੀ ਵਿੱਚ ਦਾਖਲ ਹੋ ਗਏ। ਭਾਈ ਮਰਦਾਨਾ ਜੀ ਵੀ ਉਹਨਾਂ ਦੇ ਪਿੱਛੇ ਅੰਦਰ ਪਹੁੰਚ ਗਏ। ਕੋਹੜੀ ਦਾ ਭਿਆਨਕ ਰੋਗ ਵੇਖ ਕੇ ਗੁਰੂ ਨਾਨਕ ਦੇਵ ਜੀ ਨੇ ਕੋਹੜੀ ਦੇ ਪ੍ਰਥਾਇ ਇੱਕ ਸ਼ਬਦ ਉਚਾਰਿਆ:

ਜੀਉ ਤਪਤੁ ਹੈ ਬਾਰੋ ਬਾਰ॥ ਤਪਿ ਤਪਿ ਖਪੈ ਬਹੁਤੁ ਬੇਕਾਰ॥
ਜੈ ਤਨਿ ਬਾਣੀ ਵਿਸਰਿ ਜਾਇ॥ ਜਿਉ ਪਕਾ ਰੋਗੀ ਵਿਲਲਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, 661)

**ਮੇਰੀ ਜਿੰਦ (ਸਿਫ਼ਤ-ਸਲਾਹ ਦੀ ਬਾਣੀ ਵਿਸਾਰ ਕੇ) ਮੁੜ-ਮੁੜ ਦੁਖੀ ਹੁੰਦੀ ਹੈ, ਦੁਖੀ ਹੋ ਹੋ ਕੇ (ਫਿਰ ਵੀ) ਹੋਰ ਹੋਰ ਵਿਕਾਰਾਂ ਵਿੱਚ ਖ਼ੁਆਰ ਹੁੰਦੀ ਹੈ। ਜਿਸ ਸਰੀਰ ਵਿੱਚੋਂ ਭਾਵ ਜਿਸ ਮਨੁੱਖ ਨੂੰ ਪਰਮਾਤਮਾ ਦੀ ਸਿਫ਼ਤ-ਸਲਾਹ ਦੀ ਬਾਣੀ ਭੁੱਲ ਜਾਂਦੀ ਹੈ, ਉਹ ਸਦਾ ਇਉਂ ਵਿਲਕਦਾ ਹੈ ਜਿਵੇਂ ਕੋਈ ਕੋੜ੍ਹ ਦੇ ਰੋਗ ਵਾਲਾ ਬੰਦਾ ਹੋਵੇ।**

ਬਾਣੀ ਸੁਣ ਕੇ ਕੋਹੜੀ ਨੂੰ ਵਿਸ਼ਵਾਸ ਹੋ ਗਿਆ ਕਿ ਉਸ ਦੀ ਬੀਮਾਰੀ ਠੀਕ ਹੋ ਜਾਏਗੀ। ਉਹ ਆਪਣੇ ਮੰਜੇ ਤੋਂ ਉੱਠਿਆ ਅਤੇ ਰਾਤ ਭਰ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਸੁਣਦਾ ਰਿਹਾ। ਉਹ ਸੱਚੇ ਮਨ ਨਾਲ ਪਰਮਾਤਮਾ ਦੇ ਧਿਆਨ ਵਿੱਚ ਰਹਿਣ ਲੱਗਾ ਅਤੇ ਹੌਲੀ-ਹੌਲੀ ਠੀਕ ਹੋਣ ਲੱਗਾ ਅਤੇ ਸਵੇਰ ਵੇਲੇ ਨੇੜੇ ਦੀ ਨਦੀ ਵਿੱਚ ਨਹਾਉਣ ਜਾਣ ਲੱਗਾ। ਇਸ਼ਨਾਨ ਕਰਨ ਤੋਂ ਬਾਅਦ ਉਸ ਨੂੰ ਇੰਝ ਜਾਪਣ ਲੱਗਾ ਜਿਵੇਂ ਉਹ ਅਰੋਗ ਹੋ ਗਿਆ ਹੋਵੇ। ਉਹ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਘਰ ਗਿਆ ਅਤੇ ਸਾਰੇ ਉਸ ਨੂੰ ਵੇਖ ਕੇ ਹੈਰਾਨ ਹੋ ਗਏ। ਉਹਨਾਂ ਪੁਛਿਆ, "ਤੂੰ ਕਿਵੇਂ ਠੀਕ ਹੋ ਗਿਆ?" ਉਸ ਨੇ ਉਹਨਾਂ ਨੂੰ ਸਾਰੀ ਕਹਾਣੀ ਸੁਣਾਈ। ਕੋਹੜੀ ਦੀ ਕਹਾਣੀ ਸੁਣ ਕੇ ਪਿੰਡ ਦੇ ਸਾਰੇ ਲੋਕਾਂ ਨੇ ਗੁਰੂ ਜੀ ਦੀ ਮੰਨਤ ਕਰਨੀ ਸ਼ੁਰੂ ਕਰ ਦਿੱਤੀ ਅਤੇ ਉਹਨਾਂ ਪ੍ਰਤੀ ਸਭ ਨੇ ਸਾਕਾਰਾਤਮਿਕ ਸੋਚ ਰੱਖੀ। ਸੱਚੇ ਮਨ ਤੇ ਸੁੱਚੀ ਸੋਚ ਨਾਲ ਪਰਮਾਤਮਾ ਦਾ ਧਿਆਨ ਕਰਨ ਲੱਗੇ ਅਤੇ ਸਾਰਾ ਪਿੰਡ ਖੁਸ਼ਹਾਲ ਹੋ ਗਿਆ।

ਉਪਰੋਕਤ ਸਾਖੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਪਰਮਾਤਮਾ ਦੇ ਸਿਮਰਨ ਵਿੱਚ ਹੀ ਸਭ ਰੋਗਾਂ ਦੀ ਦਵਾਈ ਹੈ ਜੋ ਪ੍ਰਾਣੀ ਰੱਬ ਦੀ ਸਿਫ਼ਤ ਸਲਾਹ ਕਰਨੀ ਵਿਸਾਰ ਦੇਂਦਾ ਹੈ ਉਹ ਅਰੋਗ ਹੁੰਦਿਆਂ ਵੀ ਰੋਗੀ ਦੇ ਸਮਾਨ ਹੁੰਦਾ ਹੈ ।

*******************

# 20. ਭਾਈ ਲਹਿਣੇਂ ਤੋਂ ਗੁਰੂ ਅੰਗਦ

ਗੁਰੂ ਨਾਨਕ ਦੇਵ ਜੀ ਆਪਣੇ ਜੀਵਨ ਦੇ ਪਿਛਲੇ ਸਾਲਾਂ ਵਿੱਚ ਕਰਤਾਰਪੁਰ ਸ਼ਹਿਰ (ਪਾਕਿਸਤਾਨ) ਵਿਖੇ ਵਸ ਗਏ, ਜੋ 1522 ਈ. ਵਿੱਚ ਉਹਨਾਂ ਦੁਆਰਾ ਹੀ ਸਥਾਪਿਤ ਕੀਤਾ ਗਿਆ ਸੀ ਅਤੇ ਇਥੇ ਹੀ ਉਹਨਾਂ ਨੇ ਆਪਣੇ ਜੀਵਨ ਦਾ ਅੰਤਲਾ ਸਮਾਂ (1522-1539) ਬਤੀਤ ਕੀਤਾ। ਇਥੇ ਰੋਜ਼ਾਨਾ ਕੀਰਤਨ ਹੁੰਦਾ ਸੀ ਅਤੇ ਇਸੇ ਸਥਾਨ ’ਤੇ ਹੀ ਲੰਗਰ ਦੀ ਪ੍ਰਥਾ ਸ਼ੁਰੂ ਹੋਈ।

ਗੁਰੂ ਨਾਨਕ ਦੇਵ ਜੀ ਨੇ ਹਰੇਕ ਨੂੰ ਸਿਖਾਇਆ ਕਿ ਕਿਵੇਂ ਇੱਕ ਧਾਰਮਿਕ ਆਦਮੀ ਕੰਮ ਕਰੇ ਅਤੇ ਆਪਣਾ ਜੀਵਨ ਬਤੀਤ ਕਰੇ। ਉਹ 60 ਸਾਲ ਤੋਂ ਵੀ ਵੱਧ ਉਮਰ ਦੇ ਸਨ। ਸੂਰਜ ਚੜ੍ਹਨ ਤੋਂ ਤਿੰਨ ਘੰਟੇ ਪਹਿਲਾਂ ਉਹਨਾਂ ਦਾ ਨਿਤਨੇਮ ਸ਼ੁਰੂ ਹੋ ਜਾਂਦਾ ਸੀ। ਇਸ਼ਨਾਨ ਕਰਨ ਤੋਂ ਬਾਅਦ ਉਹ ਪਰਮਾਤਮਾ ਦਾ ਧਿਆਨ ਧਾਰਨ ਕਰਦੇ। ਗੁਰੂ ਜੀ ਨੇ ਆਪਣੇ ਪੈਰੋਕਾਰਾਂ ਨੂੰ ਧਰਮ ਤੇ ਜੀਵਨ ਦੀ ਸੁਚੱਜੀ ਵਿਆਖਿਆ ਕਰਕੇ ਇੱਕ ਪਰਮਾਤਮਾ ਨਾਲ ਇਬਾਦਤ ਕਰਨ ਦੀ ਸਿੱਖਿਆ ਦੇਂਦੇ ਸਨ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਖੇਤਾਂ ਵਿੱਚ ਇੱਕ ਚੰਗੇ ਸਰਗਰਮ ਕਿਸਾਨ ਵਜੋਂ ਕੰਮ ਕੀਤਾ। ਉਹਨਾਂ ਨੇ ਲੰਗਰ ਵਿੱਚ ਵੀ ਸੇਵਾ ਕੀਤੀ ਜੋ ਲੋੜਵੰਦਾਂ ਲਈ ਹਮੇਸ਼ਾਂ ਖੁੱਲ੍ਹਾ ਸੀ। ਲੰਗਰ ਵਿੱਚ ਸਭ ਜਾਤਾਂ ਤੇ ਧਰਮਾਂ ਵਾਲੇ ਲੋਕ ਇਕੱਠੇ ਬੈਠ ਕੇ ਖਾਣਾ ਖਾ ਸਕਦੇ ਸਨ। ਗੁਰੂ ਨਾਨਕ ਦੇਵ ਜੀ ਦੁਆਰਾ ਸ਼ੁਰੂ ਕੀਤੇ ਲੰਗਰ ਵਿੱਚ ਕਿਸੇ ਵੀ ਕਿਸਮ ਦਾ ਵਿਤਕਰਾ ਨਹੀਂ ਕੀਤਾ ਜਾਂਦਾ ਸੀ ਚਾਹੇ ਕੋਈ ਜਾਤੀ ਤੌਰ ’ਤੇ ਉੱਚਾ ਸੀ ਚਾਹੇ ਕੋਈ ਨੀਵਾਂ, ਮੁਸਲਮਾਨ ਸੀ ਭਾਵੇਂ ਹਿੰਦੂ ਗੁਰੂ ਦਾ ਲੰਗਰ ਇੱਕ ਰਸ ਹਰ ਸਮੇਂ ਹਰੇਕ ਪ੍ਰਾਣੀ ਲਈ ਵਰਤਦਾ ਸੀ। । ਜਦੋਂ ਗੁਰੂ ਨਾਨਕ ਦੇਵ ਜੀ ਨੇ ਆਪਣਾ ਅੰਤਿਮ ਸਮਾਂ ਜਾਣਿਆ ਤਾਂ ਉਹਨਾਂ ਨੂੰ ਲੋਕਾਈ ਵਾਸਤੇ ਕਰਮ-ਕਾਂਡਾਂ ਦੇ ਹਨੇਰੇ ਵਿਚੋਂ ਕੱਢਣ ਵਾਲੀ ਸਿੱਖੀ ਦੇ ਪ੍ਰਚਾਰ ਹਿਤ ਇੱਕ ਜ਼ਿੰਮੇਵਾਰ ਪੁਰਖ ਦੀ ਲੋੜ ਸੀ, ਜਿਸ ਕਰਕੇ ਗੁਰੂ ਜੀ ਨੇ ਆਪਣੇ ਸਿੱਖਾਂ ਤੇ ਆਪਣੇ ਪੁੱਤਰਾਂ ਨੂੰ ਬਰਾਬਰ ਮੌਕੇ ਪ੍ਰਦਾਨ ਕੀਤੇ ਤੇ ਕਰੜੀਆਂ ਪ੍ਰੀਖਿਆਵਾਂ ਲਈਆਂ। ਪਰੰਤੂ ਇਨ੍ਹਾਂ ਪ੍ਰੀਖਿਆਵਾਂ ਵਿਚੋਂ ਕੇਵਲ ਭਾਈ ਲਹਿਣਾ ਹੀ ਸਫਲ ਹੋਏ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਇਹਨਾਂ ਨੂੰ ਅੰਗਦ (ਆਪਣੇ ਸਰੀਰ ਦਾ ਇੱਕ ਹਿੱਸਾ) ਨਾਂ ਦਿੱਤਾ ਅਤੇ ਸਿੱਖਾਂ ਦੀ ਅਗਵਾਈ ਲਈ ਇਨ੍ਹਾਂ ਨੂੰ ਗੁਰਗੱਦੀ ਸੌਂਪੀ।

ਗੁਰੂ ਨਾਨਕ ਦੇਵ ਜੀ ਨੇ 7 ਸਤੰਬਰ 1539 ਈ. ਨੂੰ ਲੋਕਾਂ ਦਾ ਇਕੱਠ ਸੱਦਿਆ ਅਤੇ ਸਭ ਨੂੰ ਸੰਬੋਧਿਤ ਕਰਕੇ ਕਿਹਾ, “ਸਾਡੀ ਜੀਵਨ-ਯਾਤਰਾ ਖ਼ਤਮ ਹੋ ਰਹੀ ਹੈ ਤੇ ਮੇਰੇ ਅਤੇ ਗੁਰੂ ਅੰਗਦ ਵਿੱਚ ਕੋਈ ਅੰਤਰ ਨਹੀਂ ਹੈ।" 22 ਸਤੰਬਰ 1539ਈ. ਦੇ ਦਿਨ ਆਪਣੇ ਆਪ ਨੂੰ ਚਾਦਰ ਨਾਲ ਢੱਕ ਕੇ ਆਰਾਮ ਕਰਨ ਦੀ ਹਾਲਤ ਵਿੱਚ ਗੁਰੂ ਜੀ ਨੇ ਆਖਰੀ ਸਾਹ ਲਿਆ। ਪੂਰੇ ਸ਼ਹਿਰ ਵਿੱਚ ਇਹ ਖਬਰ ਅੱਗ ਵਾਂਗ ਫੈਲ ਗਈ। ਉਹਨਾਂ ਦਾ ਘਰ ਸ਼ਰਧਾਲੂਆਂ ਨਾਲ ਭਰ ਗਿਆ। ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂਆਂ ਵਿੱਚ ਕੇਵਲ ਹਿੰਦੂ ਹੀ ਸ਼ਾਮਿਲ ਨਹੀਂ ਸਨ ਪ੍ਰੰਤੂ ਮੁਸਲਮਾਨ ਵੀ ਸਨ। ਗੁਰੂ ਨਾਨਕ ਦੇਵ ਜੀ ਲਈ ਕੋਈ ਹਿੰਦੂ ਜਾਂ ਮੁਸਲਮਾਨ ਨਹੀਂ ਸੀ। ਸਭ ਇੱਕ ਪਰਮਾਤਮਾ ਦੀ ਹੀ ਰਚਨਾ ਸੀ। ਇਸੇ ਕਰਕੇ ਸਾਰੇ ਲੋਕਾਂ ਨੇ ਉਹਨਾਂ ਨੂੰ ਸਤਿਕਾਰਿਆ ਜਿਨ੍ਹਾਂ ਨੇ ਸਾਰਿਆਂ ਨੂੰ ਸੱਚ ਦਾ ਮਾਰਗ ਦਿਖਾਇਆ ਸੀ। ਗੁਰੂ ਜੀ ਦੇ ਅੰਤਿਮ ਸਸਕਾਰ ਸਮੇਂ ਮੁਸਲਮਾਨ ਆਖਣ ਲੱਗੇ ਅਸੀਂ ਇਹਨਾਂ ਦਾ ਸਰੀਰ ਦਫਨ ਕਰਾਂਗੇ ਅਤੇ ਹਿੰਦੂ ਆਖਣ ਲੱਗੇ ਅਸੀਂ ਇਹਨਾਂ ਦਾ ਸਰੀਰ ਦਾ ਸਸਕਾਰ ਕਰਾਂਗੇ।

ਇਸ ਸਾਖੀ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਹਿੰਦੂਆਂ ਅਤੇ ਮੁਸਲਮਾਨਾਂ ਨੇ ਗੁਰੂ ਜੀ ਨੂੰ ਕਿੰਨਾ ਸਤਿਕਾਰ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਸਭ ਨੂੰ ਹੀ ਸੱਚਾ ਇਨਸਾਨ ਬਣਨ ਦੀ ਸਿੱਖਿਆ ਦਿੱਤੀ ਅਤੇ ਹਰੇਕ ਨੂੰ ਇਕਸੁਰਤਾ ਵਿੱਚ ਜਿਊਣਾ ਸਿਖਾਇਆ। ਸਾਨੂੰ ਸਭ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਨਾ ਚਾਹੀਦਾ ਹੈ।

******************

# 21. ਜੀਵਨ - ਵੇਰਵਾ ਗੁਰੂ ਨਾਨਕ ਦੇਵ ਜੀ

(1469-1539)

| | |
|---|---|
| ਜਨਮ | ਅਪ੍ਰੈਲ 15, 1469 |
| ਜਨਮ ਅਸਥਾਨ | ਰਾਇ ਭੋਇ ਦੀ ਤਲਵੰਡੀ, ਸ਼ੇਖੂਪੁਰਾ, ਪਾਕਿਸਤਾਨ<br>* ਪਿਤਾ - ਮਹਿਤਾ ਕਲਿਆਣ ਦਾਸ<br>* ਮਾਤਾ - ਮਾਤਾ ਤ੍ਰਿਪਤਾ ਜੀ<br>* ਸੁਪਤਨੀ - ਮਾਤਾ ਸੁਲਖਣੀ ਜੀ<br>* ਸੰਤਾਨ - ਸ੍ਰੀਚੰਦ ਤੇ ਲਖਮੀ ਦਾਸ<br>* ਭੈਣ - ਬੇਬੇ ਨਾਨਕੀ |
| ਗੁਰਤਾਗੱਦੀ | 1469 (ਜਨਮ ਤੋਂ) |
| ਜੋਤੀ ਜੋਤ | ਸਤੰਬਰ 22, 1539, ਕਰਤਾਰਪੁਰ, ਪਾਕਿਸਤਾਨ |
| ਬਾਣੀ | ਗੁਰੂ ਨਾਨਕ ਦੇਵ ਜੀ ਜਨਮ ਤੋਂ ਹੀ ਬਾਣੀ ਦੇ ਰਚੈਤਾ ਸਨ। ਉਹਨਾਂ ਜਪੁ ਜੀ ਸਾਹਿਬ, ਆਸਾ ਦੀ ਵਾਰ, ਬਾਰਹ ਮਾਹਾ, ਸਿਧ ਗੋਸਟਿ, ਓਅੰਕਾਰ ਆਦਿ ਬਾਣੀਆਂ ਦੀ ਰਚਨਾ ਕੀਤੀ, ਜਿਨ੍ਹਾਂ ਨੂੰ ਬਾਅਦ ਵਿੱਚ ਗੁਰੂ ਅਰਜਨ ਦੇਵ ਜੀ ਨੇ ਆਦਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਾਮਿਲ ਕੀਤਾ। ਗੁਰੂ ਸਾਹਿਬ ਨੇ ਬਾਣੀ ਦੇ ਸੰਗੀਤ ਵਿੱਚ ਕੀਰਤਨ ਦਾ ਗਾਇਨ ਕੀਤਾ ਅਤੇ ਰਾਗਾਂ ਵਿੱਚ ਬਾਣੀ ਦਾ ਉਚਾਰਣ ਕੀਤਾ। ਰਬਾਬੀ ਭਾਈ ਮਰਦਾਨਾ ਜੀ ਉਹਨਾਂ ਦੇ ਨਾਲ ਸਨ। |
| ਚਾਰ ਲੰਮੀਆਂ ਯਾਤਰਾਵਾਂ<br>(ਚਾਰ ਉਦਾਸੀਆਂ) | ਗੁਰੂ ਜੀ ਸਿੱਖੀ ਦੇ ਪ੍ਰਚਾਰ-ਪਸਾਰ ਹਿਤ ਵੱਖ-ਵੱਖ ਧਾਰਮਿਕ ਅਸਥਾਨਾਂ ’ਤੇ ਗਏ। ਉਹ ਕੁਰੂਕਸ਼ੇਤਰ, ਹਰਿਦੁਆਰ, ਜੋਸ਼ੀਮੱਠ, ਰੀਠਾ ਸਾਹਿਬ, ਗੋਰੱਖ ਮਤਾ (ਨਾਨਕ ਮਤਾ), ਅਯੁਧਿਆ, ਪ੍ਰਯਾਗ, ਵਾਰਾਨਸੀ, ਗਯਾ, ਪਟਨਾ, ਦੁਬਰੀ, ਗੁਹਾਟੀ (ਅਸਾਮ), ਢਾਕਾ, ਪੁਰੀ, ਕਲੱਕਤਾ, ਰਾਮੇਸ਼ਵਰਮ, ਬਿਦਰ, ਬਰੋਚ, ਸੋਮਨਾਥ, ਦਵਾਰਕਾ, ਜੂਨਗੜ੍ਹ, ਉਜੈਨ, ਮੁਥਰਾ, ਪਾਕਪਟਨ, ਤਲਵੰਡੀ, ਲਾਹੌਰ, ਸੁਲਤਾਨਪੁਰ, ਬਿਲਾਸਪੁਰ, ਰਵਾਲਸਰ, ਜਵਾਲਾਜੀ, ਸਪਿਤੀ ਵੈਲੀ, ਤਿੱਬਤ, ਲੱਦਾਖ, ਕਾਰਗਿਲ, ਅਮਰਨਾਥ, ਸ੍ਰੀਨਗਰ ਅਤੇ ਬਾਰਾਮੂਲਾ ਵਿਖੇ ਗਏ।<br>ਗੁਰੂ ਜੀ ਨੇ ਮੁਸਲਮਾਨਾਂ ਦੇ ਪਵਿੱਤਰ ਧਾਮਾਂ ਦੀ ਵੀ ਯਾਤਰਾ ਕੀਤੀ। ਇਸੇ ਸੰਦਰਭ ਵਿੱਚ ਉਹ ਮੱਕਾ, ਮਦੀਨਾ, ਬਗਦਾਦ ਵੱਲੋਂ ਹੁੰਦੇ ਹੋਏ ਮੁਲਤਾਨ, ਪਿਸ਼ਾਵਰ, ਸਾਖਰ, ਸੋਨ ਮੇਣੀ, ਹਿੰਗਲਾਜ ਆਦਿ ਥਾਵਾਂ ’ਤੇ ਵੀ ਗਏ। ਕੁਝ ਵਿਦਵਾਨਾਂ ਇਹ ਵੀ ਮੰਨਦੇ ਹਨ ਕਿ ਗੁਰੂ ਜੀ ਮੱਕੇ ਸਮੁੰਦਰੀ ਰਸਤੇ ਰਾਹੀਂ ਗਏ ਸਨ। ਗੁਰੂ ਜੀ ਸੀਰੀਆ, ਤੁਰਕੀ ਅਤੇ ਤਹਿਰਾਨ ਵਿਖੇ ਵੀ ਗਏ। ਤਹਿਰਾਨ ਤੋਂ ਹੁੰਦੇ ਹੋਏ ਗੁਰੂ ਜੀ ਕਾਫਲਿਆਂ ਦੇ ਰਾਹੇ ਤੋਂ ਕਾਬੁਲ, ਕੰਧਾਰ ਅਤੇ ਜਲਾਲਾਬਾਦ ਵਿਖੇ ਪਹੁੰਚੇ। ਇਹ ਜੋ ਗੁਰੂ ਜੀ ਨੇ ਲੰਮੀਆਂ ਯਾਤਰਾਵਾਂ ਕੀਤੀਆਂ ਇਹਨਾਂ ਨੂੰ ‘ਉਦਾਸੀਆਂ’ ਕਹਿ ਕੇ ਸੰਬੋਧਿਤ ਕੀਤਾ ਜਾਂਦਾ ਹੈ। |
| ਵਿਸ਼ੇਸ਼ ਯੋਗਦਾਨ | ਇਹਨਾਂ ਯਾਤਰਾਵਾਂ ਦਾ ਮੁੱਖ ਉਦੇਸ਼ ਦੁਨੀਆਂ ਦੇ ਲੋਕਾਂ ਨੂੰ ਇੱਕ ਪਰਮਾਤਮਾ ਦੇ ਸੱਚ ਤੋਂ ਜਾਣੂੰ ਕਰਵਾਉਣਾ ਤੇ ਸਿੱਖੀ ਦਾ ਪ੍ਰਚਾਰ-ਪਸਾਰ ਸੀ। ਉਹਨਾਂ ਨੇ ਸਿੱਖੀ ਦੇ ਪ੍ਰਚਾਰ-ਕੇਂਦਰ ਸਥਾਪਿਤ ਕੀਤੇ, ਜਿਨ੍ਹਾਂ ਨੂੰ ‘ਮੰਜੀਆਂ’ ਕਿਹਾ ਗਿਆ ਸੀ ਅਤੇ ਯੋਗ ਤੇ ਸਮਰਪਿਤ ਸ਼ਰਧਾਲੂਆਂ ਨੂੰ ਮੰਜੀਆਂ ਦੇ ਪ੍ਰਚਾਰਕ ਬਣਾਇਆ। ਸਿੱਖੀ ਦੇ ਮੁੱਢਲੇ ਅਸੂਲਾਂ ਨੂੰ ਸਾਰੇ ਹੀ ਵਰਗਾਂ ਦੇ ਆਮ ਲੋਕਾਂ ਨੇ ਆਪਣੀ ਮਰਜ਼ੀ ਨਾਲ ਅਪਣਾਅ ਲਿਆ। ਸਿੱਖੀ ਪੂਰੇ ਭਾਰਤ ਅਤੇ ਵਿਦੇਸ਼ਾਂ ਵਿੱਚ ਵੀ ਉਤਪੰਨ ਹੋਣ ਲਗੀ। ਇੱਕ ਸਮਾਜ ਸੁਧਾਰਕ ਵਜੋਂ ਗੁਰੂ ਨਾਨਕ ਦੇਵ ਜੀ ਨੇ ਔਰਤ ਅਤੇ ਗਰੀਬਾਂ ਦੇ ਹੱਕ ਵਿੱਚ ਆਵਾਜ਼ ਉਠਾਈ। ਉਹਨਾਂ ਨੇ ਹਿੰਦੂ ਸਮਾਜ ਵਿੱਚ ਪ੍ਰਚਲਿਤ ਜਾਤੀ ਤੇ ਵਰਣ ਪ੍ਰਥਾ ਅਤੇ ਮੁਸਲਿਮ ਸ਼ਾਸਕਾਂ ਦੀ ਕੱਟੜਤਾ ਦਾ ਬੁਲੰਦ ਆਵਾਜ਼ ਵਿੱਚ ਵਿਰੋਧ ਕੀਤਾ। ਉਹ ਇੱਕ ਸਮਾਜ ਸੁਧਾਰਕ ਹੋਣ ਦੇ ਨਾਲ ਨਾਲ ਇੱਕ ਇਨਕਲਾਬੀ ਵੀ ਸਨ। ਉਹਨਾਂ ਨੂੰ ਪਰਮਾਤਮਾ ਵੱਲੋਂ ਇੱਕ ਚਿੰਤਨਸ਼ੀਲ ਤੇ ਸੱਚੀ-ਸੁੱਚੀ ਸਖ਼ਸ਼ੀਅਤ ਨਾਲ ਨਿਵਾਜਿਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਹਨਾਂ ਨੂੰ ਪਰਮਾਤਮਾ ਦਾ ਰੂਪ ਹੀ ਨਹੀਂ ਸਗੋਂ ਖ਼ੁਦ ਪਰਮਾਤਮਾ ਹੀ ਕਿਹਾ। |

## 22. ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀਆਂ ਕੁਝ ਵਿਸ਼ੇਸ਼ ਘਟਨਾਵਾਂ:

| | |
|---|---|
| 1401 | ਤੈਮੂਰ ਦੁਆਰਾ ਡੈਮੈਸਕਸ (Damascus) ਉੱਤੇ ਜਿੱਤ ਅਤੇ ਬਗਦਾਦ 'ਤੇ ਕਬਜ਼ਾ |
| 1421 | ਆਸਟਰੀਆ (Austria) ਵਿੱਚ ਯਹੂਦੀਆਂ ਦਾ ਬੰਦੀ ਬਣਾਉਣਾ ਅਤੇ ਉਹਨਾਂ ਨੂੰ ਬਾਹਰ ਕੱਢਣਾ |
| 1448 | ਇਸਤਾਨਬੁਲ (Constantinople) ਤੋਂ ਰੂਸ ਆਰਥੋਡੋਕਸ ਚਰਚ ਦਾ ਸੁਤੰਤਰ ਹੋਣਾ |
| 1456-59 | ਔਟੋਮੈਨ ਤੁਰਕ ਦਾ ਐਥਨਸ (Athens) ਵਿੱਚ ਨਿਵਾਸ ਸ਼ੁਰੂ, ਜੋ ਕਿ 400 ਸਾਲਾਂ ਤੱਕ ਚੱਲਿਆ ਅਤੇ ਉਹਨਾਂ ਦੁਆਰਾ ਪਾਰਥੇਨਨ (Parthenon) ਦੀ ਮਸਜਿਦ ਵਿੱਚ ਤਬਦੀਲੀ |
| 1480 | ਇਟਲੀ (Florence) ਦੇ ਲਿਓਨਾਰਡੋ ਦਾ ਵਿੰਸੀ (Leonardo da Vinci) ਦੁਆਰਾ 28 ਸਾਲ ਦੀ ਉਮਰ ਵਿੱਚ ਪੈਰਾਸ਼ੂਟ ਦੀ ਕਾਢ |
| 1482 | ਕਾਇਰੋ (Cairo) ਸਭ ਤੋਂ ਵੱਡਾ ਤੇ ਅਮੀਰ ਸ਼ਹਿਰ ਅਤੇ ਇਸ ਦੀ ਪੱਛਮੀ ਯਾਤਰੀਆਂ ਦੁਆਰਾ ਸ਼ਲਾਘਾ |
| 1492 | ਕ੍ਰਿਸਟੋਫਰ ਕਲੌਂਬਸ (Christopher Columbus) ਦੁਆਰਾ ਤਿੰਨ ਪ੍ਰਸਿੱਧ ਜਹਾਜ਼ਾਂ ਰਾਹੀਂ ਸਪੇਨ (Spain) ਤੋਂ ਭਾਰਤ ਵੱਲ ਸਮੁੰਦਰੀ ਰਸਤੇ ਦੀ ਖੋਜ ਆਰੰਭ, ਪਰ ਏਸ਼ੀਆ (Asia) ਦੀ ਥਾਂ ਬਹਾਮਾ (Bahama) ਦੇ ਇੱਕ ਟਾਪੂ ਵਿੱਚ ਉਤਰਨਾ |
| 1498 | ਪੁਰਤਗਾਲੀ ਵਾਸਕੋ ਡਾ ਗਾਮਾ (Vasco da Gama) ਦੁਆਰਾ ਭਾਰਤ ਦੇ ਸਮੁੰਦਰੀ ਰਸਤੇ ਦੀ ਖੋਜ |
| 1500 | ਇੰਗਲੈਂਡ (England) ਵਿੱਚ ਹੈਨਰੀ (Henry) VIII (ਅੱਠਵੇਂ) ਦਾ ਰਾਜਾ ਬਣਨਾ |
| 1501 | ਦੁਨੀਆਂ ਦੀ ਆਬਾਦੀ ਲਗਪਗ 435 ਅਰਬ, ਜੋ ਕਿ ਅਜੋਕੇ ਸਮੇਂ ਦਾ ਸੋਲਵਾਂ ਭਾਗ 7.2 ਖਰਬ ਹੈ |
| 1506 | ਮਈ 20 : ਕਲੌਂਬਸ (Columbus) ਦੀ ਸਪੇਨ (Spain) ਵਿੱਚ ਮੌਤ (ਦੇਹਾਂਤ) |
| 1521 | ਆਟੋਮੈਨ (Ottomans) ਦਾ ਵਿਸਥਾਰ। ਉਹਨਾਂ ਦੇ ਸੁਲਤਾਨ ਸਲੀਮ ਦੀ ਮੌਤ ਅਤੇ ਉਸ ਦੇ ਪੁੱਤਰ ਸੁਲੇਮਾਨ ਦਾ ਉਤਰਾਧਿਕਾਰੀ ਵਲੋਂ ਬੈਲਗਰੇਡ (Belgrade) ਉੱਤੇ ਫ਼ਤਹਿ ਪ੍ਰਾਪਤ ਕਰਨਾ |
| 1526 | ਸਟੋਕਹੋਮ (Stockholm), ਸਵੀਡਨ (Sweden) ਵਿਖੇ ਪ੍ਰਿੰਟਿੰਗ ਪ੍ਰੈਸ ਦਾ ਪ੍ਰਚਲਨ |
| 1526 | ਕਾਬੁਲ (Kabul) ਤੋਂ ਮੁਸਲਮਾਨ ਸ਼ਾਸਕ ਬਾਬਰ ਦਾ ਖੈਬਰ ਵਲੋਂ ਸਿੰਧੂ ਘਾਟੀ (Indus Vallev) ਵਿੱਚ ਲੁੱਟ-ਮਾਰ ਕਰਨੀ। ਉਸ ਦੀਆਂ ਵਿਰੋਧੀ ਧਿਰਾਂ ਦਾ ਕਮਜ਼ੋਰ ਹੋਣਾ ਅਤੇ ਪਾਣੀਪਤ ਵਿਚੋਂ ਸੁਲਤਾਨ ਇਬਰਾਹਿਮ ਲੋਧੀ (ਜਿਸ ਨੇ ਭਾਰਤ 'ਤੇ 1489 ਤੋਂ ਸ਼ਾਸਨ ਕੀਤਾ) ਦੀ ਫੌਜਾਂ ਨੂੰ ਬੁਰੀ ਤਰ੍ਹਾਂ ਹਰਾਉਣਾ |
| 1535 | ਹੈਨਰੀ (Henry) VIII (ਅੱਠਵੇਂ) ਦਾ ਕੈਥੋਲਿਕ (Catholicism) ਤੋਂ ਟੁੱਟ ਕੇ ਆਪਣੇ ਆਪ ਨੂੰ ਅੰਗਰੇਜ਼ੀ ਚਰਚ ਦਾ ਮੁੱਖੀ ਘੋਸ਼ਿਤ ਕਰਨਾ |
| 1540 | ਬਾਬਰ ਦੇ ਵੱਡੇ ਪੁੱਤਰ ਹਮਾਯੂੰ ਦਾ ਭਾਰਤ ਵਿੱਚ ਰਾਜ ਅਤੇ ਉਸ ਦੀ ਤਾਕਤ ਨੂੰ ਇਸਲਾਮੀ ਉੱਚ ਅਧਿਕਾਰੀਆਂ ਅਤੇ ਅਫਗਾਨਾਂ ਦੇ ਗਠਜੋੜ ਦੁਆਰਾ ਖਤਮ ਕੀਤੇ ਜਾਣਾ |
| 1542 | ਈਵਾਨ (Ivan) ( ਭਿਆਨਕ ਅਖਵਾਉਣ ਵਾਲਾ) 12 ਸਾਲਾਂ ਦਾ ਹੋਇਆ ਅਤੇ ਉਸ ਦੁਆਰਾ ਆਪਣਾ ਮਨੋਰੰਜਨ ਖਤਰਨਾਕ ਤਰੀਕਿਆਂ ਨਾਲ ਕਰਨਾ |
| 1553 | ਈਵਾਨ (Ivan) (ਭਿਆਨਕ) ਦੀ ਆਪਣੀ ਮਾਂ ਦੇ ਸ਼ਾਸਨ ਤੋਂ ਆਜ਼ਾਦੀ ਅਤੇ ਜ਼ਾਰ ਈਵਾਨ (Ivan) IV (ਚੌਥੇ) ਵਜੋਂ ਪਦਵੀ (ਖਿਤਾਬ) ਪ੍ਰਾਪਤ ਕਰਨਾ |
| 1553 | ਹੈਨਰੀ (Henry) ਦੀ ਉਤਰਾਧਿਕਾਰੀ ਰਾਣੀ ਮੈਰੀ ਦੁਆਰਾ ਇੰਗਲੈਂਡ (England)ਦੇ ਰਾਜ-ਧਰਮ ਵੱਜੋਂ ਰੋਮਨ ਕੈਥੋਲੀਸਿਜ਼ਮ (Roman Catholicism) ਦੀ ਪੁਨਰ-ਸੁਰਜੀਤੀ |